ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਮੰਗਲਵਾਰ, 20 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੮ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਕ੍ਰਿਕਟਰ ਸ਼ੁਭਮਨ ਗਿੱਲ ਲੋਕ ਸਭਾ ਚੋਣਾਂ 2024 ਲਈ 'ਸਟੇਟ ਆਈਕੋਨ' ਬਣੇ, ਤਰਸੇਮ ਜੱਸੜ ਨੂੰ ਵੀ ਮਿਲੀ ਥਾਂ

**ਚੰਡੀਗੜ੍ਹ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਚੋਣ ਅਫਸਰ ਦੇ ਦਫਤਰ ਵੱਲੋਂ ਭਾਰਤੀ ਕ੍ਰਿਕਟਰ ਸ਼ੁਭਮਨ ਗਿੱਲ ਨੂੰ 'ਸਟੇਟ ਆਈਕੋਨ' ਬਣਾਇਆ ਗਿਆ ਹੈ। ਇਸ ਬਾਬਤ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੰਜਾਬ ਵਾਸੀ ਸ਼ੁਭਮਨ ਗਿੱਲ ਕ੍ਰਿਕਟ ਪ੍ਰੇਮੀਆਂ ਖਾਸਕਰ ਨੌਜਵਾਨਾਂ ਵਿਚ ਕਾਫੀ ਮਕਬੂਲ ਹੈ ਅਤੇ ਆਗਾਮੀ ਲੋਕ ਸਭਾ ਚੋਣਾਂ 2024 ਦੌਰਾਨ 70 ਫੀਸਦੀ ਤੋਂ ਜ਼ਿਆਦਾ ਵੋਟਾਂ ਪਵਾਉਣ ਦਾ ਟੀਚਾ ਪ੍ਰਾਪਤ ਕਰਨ ਵਿਚ ਮਦਦਗਾਰ ਹੋਵੇਗਾ। ਉਨ੍ਹਾਂ ਕਿਹਾ ਕਿ ਸ਼ੁਭਮਨ ਗਿੱਲ ਰਾਹੀਂ ਵੋਟਰ ਜਾਗਰੂਕਤਾ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਣਗੀਆਂ ਤਾਂ ਜੋ "ਇਸ ਵਾਰ 70 ਪਾਰ" ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ। ਇਸ ਤੋਂ ਪਹਿਲਾਂ ਹਰਮਨਪਿਆਰੇ ਪੰਜਾਬੀ ਗਾਇਕ ਤਰਸੇਮ ਜੱਸੜ ਨੂੰ ਵੀ 'ਸਟੇਟ ਆਈਕੋਨ' ਨਿਯੁਕਤ ਕੀਤਾ ਜਾ ਚੁੱਕਾ ਹੈ। ਸਿਬਿਨ ਸੀ ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਮੀਟਿੰਗ ਵਿਚ ਉਨ੍ਹਾਂ ਨੂੰ ਅਜਿਹੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਕਿਹਾ ਗਿਆ ਸੀ, ਜਿੱਥੇ ਪਿਛਲੀਆਂ ਚੋਣਾਂ ਦੌਰਾਨ ਵੋਟ ਪ੍ਰਤੀਸ਼ਤ ਘੱਟ ਰਹੀ ਸੀ। ਉਨ੍ਹਾਂ ਕਿਹਾ ਕਿ ਅਜਿਹੇ ਖੇਤਰਾਂ ਵਿਚ ਜਾਗਰੂਕ ਮੁਹਿੰਮਾਂ ਅਤੇ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਰਾਹੀਂ ਅਪੀਲ ਕਰਵਾ ਕੇ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਮੁੱਖ ਚੋਣ ਅਧਿਕਾਰੀ ਨੇ ਉਮੀਦ ਜਤਾਈ ਕਿ ਪਹਿਲੀ ਵਾਰ ਵੋਟ ਪਾਉਣ ਵਾਲੇ ਮੁੰਡੇ-ਕੁੜੀਆਂ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਤੋਂ ਪ੍ਰਭਾਵਿਤ ਹੋ ਕੇ ਜਿੱਥੇ ਆਪਣੀ ਵੋਟ ਦੀ ਵਰਤੋਂ ਕਰਨਗੇ ਉੱਥੇ ਹੀ ਬਾਕੀ ਉਮਰ ਵਰਗ ਦੇ ਲੋਕਾਂ ਨੂੰ ਵੀ ਉਨ੍ਹਾਂ ਨੇ ਵੱਧ ਚੜ੍ਹ ਕੇ ਵੋਟ ਪਾਉਣ ਦੀ ਅਪੀਲ ਕੀਤੀ ਹੈ।

## ਕਿਸਾਨਾਂ ਨੇ ਖਾਰਿਜ਼ ਕਰ 'ਤਾ ਸਰਕਾਰ ਦਾ ਪ੍ਰਸਤਾਵ

# 21 ਫਰਵਰੀ ਨੂੰ ਕਰਨਗੇ ਦਿੱਲੀ ਕੂਚ



**ਚੰਡੀਗੜ੍ਹ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਅੰਦੋਲਨ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਕਿਸਾਨਾਂ ਨੇ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਪ੍ਰਸਤਾਵ ਨੂੰ ਖਾਰਿਜ਼ ਕਰ ਦਿੱਤਾ ਹੈ ਅਤੇ ਹੁਣ ਉਹ ਦਿੱਲੀ ਕੂਚ ਕਰਨਗੇ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਨ ਸਿੰਘ ਪੰਧੇਰ ਨੇ ਸੰਭੂ ਬਾਰਡਰ 'ਤੇ ਪ੍ਰੈਸ ਕਾਨਫੰਰਸ ਕੀਤੀ। ਇਸ ਦੌਰਾਨ ਜਗਜੀਤ ਸਿੰਘ ਡੱਲੇਵਾਲ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਸਾਨੂੰ ਕੇਂਦਰ ਸਰਕਾਰ ਦਾ ਪ੍ਰਸਤਾਵ ਮਨਜ਼ੂਰ ਨਹੀਂ, ਅਸੀਂ 21 ਫਰਵਰੀ ਨੂੰ ਸਵੇਰੇ 11 ਵਜੇ ਦਿੱਲੀ ਕੂਚ ਕਰਾਂਗੇ। ਉਨ੍ਹਾਂ ਕਿਹਾ ਕਿ ਸਾਨੂੰ ਕੇਂਦਰ ਸਰਕਾਰ ਦਾ ਪ੍ਰਸਤਾਵ ਮਨਜ਼ੂਰ ਨਹੀਂ ਹੈ। ਸਾਨੂੰ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਊਥ ਦੇ ਖੇਤੀ ਮਾਹਰ ਪ੍ਰਕਾਸ ਕਾਮਾਰੈਡੀ ਅਨੁਸਾਰ ਸਿਰਫ 1 ਲੱਖ 75 ਹਜ਼ਾਰ ਕਰੋੜ ਰੁਪਏ ਜੇਕਰ ਸਾਰੀਆਂ ਫਸਲਾਂ 'ਤੇ MSP ਦਿੱਤੀ ਜਾਂਦੀ ਹੈ ਤਾਂ 1 ਲੱਖ 75 ਹਜ਼ਾਰ ਕਰੋੜ ਰੁਪਏ ਵਿਚ ਕੰਮ ਚੱਲ ਸਕਦਾ ਹੈ। ਜੇਕਰ ਸਰਕਾਰ ਇੰਨਾ ਪੈਸਾ ਲਗਾ ਵੀ ਰਹੀ ਹੈ ਤਾਂ ਇਨ੍ਹਾਂ ਦੋ ਤਿੰਨ ਫਸਲਾਂ ਦੇ ਵਿਕਣ ਦੀ ਵਿਵਸਥਾ ਬਣਾਵੇ ਅਤੇ ਬਾਕੀ ਕਿਸਾਨਾਂ ਨੂੰ ਛੱਡ ਦੇਵੇ ਇਹ ਸਾਨੂੰ ਉਚਿਤ ਨਹੀਂ ਲੱਗ ਰਿਹਾ। ਸਾਡੀ ਸਰਕਾਰ ਬਾਹਰੋਂ 1 ਲੱਖ 75 ਹਜ਼ਾਰ ਕਰੋੜ ਰੁਪਏ ਦਾ ਪਾਮ ਆਇਲ ਮੰਗਵਾਉਂਦੀ ਹੈ ਅਤੇ ਉਹ ਸਾਰਿਆਂ ਲਈ ਬਿਮਾਰੀ ਦਾ ਕਾਰਨ ਹੈ ਫਿਰ ਵੀ ਉਸ ਨੂੰ ਮੰਗਵਾਇਆ ਜਾ ਰਿਹਾ ਹੈ, ਜੇਕਰ ਇਹੀ ਪੈਸਾ ਦੇਸ਼ ਦੇ ਕਿਸਾਨਾਂ ਨੂੰ ਤੇਲ ਬੀਜ ਫਸਲਾਂ ਉਗਾਉਣ ਲਈ ਉਨ੍ਹਾਂ 'ਤੇ MSP ਦੀ ਘੋਸ਼ਣਾ ਕਰੇ ਅਤੇ ਖਰੀਦੀ ਦੀ ਗਾਰੰਟੀ ਦੇਵੇ ਤਾਂ ਇਹੀ ਪੈਸਾ ਬਾਹਰੋ ਇਥੇ ਆ ਸਕਦੇ ਹਨ। ਇਸ ਨਾਲ ਸਰਕਾਰ 'ਤੇ ਮੈਨੂੰ ਨਹੀਂ ਲੱਗਦਾ ਕੋਈ ਬੋਝ ਪਵੇਗਾ। ਉਥੇ ਹੀ ਸਰਵਨ ਸਿੰਘ ਪੰਧੇਰ ਨੇ ਮੀਟਿੰਗ ਦੀ ਟਾਈਮਿੰਗ ਨੂੰ ਲੈ ਕੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਜਦੋਂ ਤੋਂ ਅਸੀਂ ਮੀਟਿੰਗਾਂ ਵਿਚ ਜਾ ਰਹੇ ਹਾਂ ਕੇਂਦਰ ਸਰਕਾਰ ਦੇ ਨੁਮਾਇੰਦੇ ਹਰ ਵਾਰ ਮੀਟਿੰਗ ਵਿਚ ਤਿੰਨ ਘੰਟੇ ਲੇਟ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਗੱਲ ਕਰਨੀ ਹੈ ਤਾਂ ਜੋ ਸਮਾਂ ਰੱਖਿਆ ਜਾਂਦਾ ਹੈ ਉਸੇ ਸਮੇਂ 'ਤੇ ਮੀਟਿੰਗ ਕੀਤੀ ਜਾਵੇ।

## ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਆਡੀਓ ਵਾਇਰਲ



**ਚੰਡੀਗੜ੍ਹ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਆਸਾਮ ਦੇ ਡਿਬਰੂਗੜ੍ਹ ਦੀ ਜੇਲ੍ਹ 'ਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਇਕ ਕਥਿਤ ਆਡੀਓ ਵਾਇਰਲ ਹੋਈ ਹੈ ਜਿਸ ਵਿਚ ਉਸ ਵੱਲੋਂ ਵੱਡੇ ਇਲਜ਼ਾਮ ਲਗਾਏ ਜਾ ਰਹੇ ਹਨ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਇਕ ਸਾਲ ਤੋਂ ਸਾਡੇ ਨਾਲ ਧੱਕਾ ਕੀਤਾ ਜਾ ਰਿਹਾ ਹੈ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਕਮਰੇ ਅਤੇ ਬਾਥਰੂਮ 'ਚ ਗੁਪਤ ਕੈਮਰੇ ਲਗਾਏ ਗਏ ਹਨ। ਇਹ ਕੈਮਰੇ ਬਲਬ ਹੋਲਡਰ 'ਚ ਲਗਾਏ ਗਏ ਹਨ। ਇਸ ਬਾਰੇ ਉਨ੍ਹਾਂ ਨੇ ਇਥੋਂ ਦੇ ਲੋਕਲ ਡੀ. ਐੱਮ. ਨੂੰ ਬੁਲਾ ਕੇ ਇਸ ਘਟਨਾ ਬਾਰੇ ਜਾਣੂ ਕਰਵਾਇਆ ਹੈ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਸਾਡੇ 'ਤੇ ਮੋਬਾਈਲ ਮਿਲਣ ਦਾ ਝੂਠਾ ਪਰਚਾ ਪਾਇਆ ਗਿਆ ਹੈ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਸਾਨੂੰ ਖਾਣੇ 'ਚ ਵੀ ਕੁੱਝ ਮਿਲਾ ਕੇ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਕਦੇ ਵੀ ਮੌਤ ਤੋਂ ਨਹੀਂ ਡਰਦੇ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ 4 ਦਿਨਾਂ ਤੋਂ ਜੇਲ੍ਹ 'ਚ 4-5 ਸਿੰਘਾਂ ਨੇ ਅੰਨ-ਜਲ ਛੱਡਿਆ ਹੋਇਆ ਹੈ। ਜੇਕਰ ਕਿਸੇ ਸਿੰਘ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਦੇਹ ਨੂੰ ਪੰਜਾਬ ਲਿਆ ਕੇ ਉਸ ਦਾ ਸਸਕਾਰ ਕੀਤਾ ਜਾਵੇ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਪਿਛਲੇ ਦਿਨੀਂ ਉਨ੍ਹਾਂ ਦੇ ਸੈੱਲ ਵਿਚ ਇਲੈਕਟ੍ਰੀਸ਼ਨ ਦੇ ਰੂਪ ਵਿਚ ਬੰਦੇ ਭੇਜ ਕੇ ਬਲਬ ਵਿਚ ਗੁਪਤ ਕੈਮਰੇ ਲਗਾਏ ਗਏ। ਅੰਮ੍ਰਿਤਪਾਲ ਨੇ ਕਿਹਾ ਕਿ ਉਸ ਨੇ ਤੇ ਹੋਰ ਸਿੰਘਾਂ ਨੇ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਜੋ ਪਿਛਲੇ ਚਾਰ ਦਿਨਾਂ ਤੋਂ ਚੱਲ ਰਹੀ ਹੈ, ਉਸ ਨੇ ਕਿਹਾ ਕਿ ਹੁਣ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਾਂ ਤਾਂ ਹੁਣ ਉਸ ਨੂੰ ਤੇ ਹੋਰ ਸਿੰਘਾਂ ਨੂੰ ਹੁਣ ਪੰਜਾਬ ਲਿਗਾਇਆ ਜਾਵੇਗਾ ਜਾਂ ਫਿਰ ਸਾਡੀਆਂ ਲਾਸ਼ਾਂ ਹੀ ਹੁਣ ਪੰਜਾਬ ਜਾਣਗੀਆਂ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਉਸ ਦੇ ਜੇਲ੍ਹ ਵਿਚੋਂ ਕੋਈ ਇਤਰਾਜ਼ਯੋਗ ਸਮਾਨ ਬਰਾਮਦ ਨਹੀਂ ਹੋਇਆ ਹੈ, ਪੁਲਸ ਨੇ ਉਸ ਨੂੰ ਫਸਾਉਣ ਲਈ ਇਹ ਸਭ ਕੁੱਝ ਕੀਤਾ ਹੈ।

## ਕੈਪਟਨ ਅਮਰਿੰਦਰ ਕਰ ਰਹੇ ਨੇ ਭਾਜਪਾ-ਅਕਾਲੀ ਦਲ ਗਠਜੋੜ ਦੀ ਵਿਚੋਲਗੀ ?





**ਨਵੀਂ ਦਿੱਲੀ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਵਿੱਢੇ ਗਏ ਕਿਸਾਨੀ ਅੰਦੋਲਨ ਨੂੰ ਲੈ ਕੇ ਭਾਜਪਾ ਖ਼ਾਸ ਕਰਕੇ ਪੰਜਾਬ ਭਾਜਪਾ ਦੀਆਂ ਦਿੱਕਤਾਂ ਵਧਦੀਆਂ ਜਾਪਦੀਆਂ ਹਨ ਕਿਉਂਕਿ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਲੀਡਰਾਂ ਦੇ ਘਰਾਂ ਦਾ ਘਿਰਾਓ ਸ਼ੁਰੂ ਹੋ ਗਿਆ ਹੈ। ਇਨ੍ਹਾਂ ਹਲਾਤਾਂ ਨੂੰ ਦੇਖਦਿਆਂ ਹੋਇਆ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਅੱਜ ਸ਼ਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ। ਇੱਕ ਨਿੱਜੀ ਚੈਨਲ ਨੂੰ ਇੰਟਰਵਿਊ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਕਿਸਾਨਾਂ ਦੇ ਨਾਲ ਹਨ ਤੇ ਉਨ੍ਹਾਂ ਨੂੰ ਦਿੱਲੀ ਜਾਣ ਦਾ ਪੂਰਾ ਅਧਿਕਾਰ ਹੈ ਪਰ ਇਸ ਵਿੱਚ ਹਿੰਸਾ ਨਹੀਂ ਹੋਣੀ ਚਾਹੀਦੀ, ਗੱਲਬਾਤ ਨਾਲ ਇਸ ਮਸਲੇ ਦਾ ਹੱਲ ਹੋਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਉਹ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਜਾ ਰਹੇ ਹਨ ਤੇ ਛੇਤੀ ਹੀ ਮਸਲੇ ਦਾ ਹੱਲ ਕੱਢਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਗੱਠਜੋੜ ਬਾਰੇ ਕਿਹਾ ਕਿ ਛੇਤੀ ਹੀ ਦੋਵਾਂ ਦਾ ਸਮਝੌਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਲੈ ਕੇ ਉਹ ਜੇਪੀ ਨੱਢਾ ਨੂੰ ਕਹਿ ਚੁੱਕੇ ਹਨ ਕਿ ਦੋਵਾਂ ਦਾ ਗੱਠਜੋੜ ਹੋਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ ਦੋਵਾਂ ਦਾ ਸਮਝੌਤਾ ਹੋਣ ਤੋਂ ਬਾਅਦ ਸਾਨੂੰ ਕੋਈ ਨਹੀਂ ਹਰਾ ਸਕਦਾ ਹੈ। ਇਸ ਲਈ ਚੋਣ ਜ਼ਾਬਤੇ ਤੋਂ ਪਹਿਲਾਂ ਦੋਵਾਂ ਦਾ ਸਮਝੌਤਾ ਹੋ ਜਾਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੁਨੀਲ ਜਾਖੜ ਦੀ ਇਸ ਸਮਝੌਤੇ ਦੇ ਹੱਕ ਵਿੱਚ ਹਨ।

ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਪੰਜਾਬ ਦੇ 17 ਜ਼ਿਲ੍ਹਿਆਂ 'ਚ ਔਰੇਂਜ ਅਲਰਟ ! ਬਾਕੀ 5 ਜ਼ਿਲ੍ਹਿਆਂ 'ਚ ਯੈਲੋ ਅਲਰਟ



**ਚੰਡੀਗੜ੍ਹ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਤੋਂ ਪੰਜਾਬ ਦਾ ਮੌਸਮ ਮੁੜ ਵਿਗੜ ਗਿਆ ਹੈ ਕਿਉਂਕਿ ਪੱਛਮੀ ਗੜਬੜੀ ਇੱਕ ਵਾਰ ਫਿਰ ਸਰਗਰਮ ਹੋ ਗਈ ਹੈ। ਇਸ ਕਾਰਨ ਅੱਜ ਪੰਜਾਬ ਦੇ 17 ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ, ਮੋਗਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਨਵਾਂਸ਼ਹਿਰ, ਲੁਧਿਆਣਾ, ਬਰਨਾਲਾ, ਸੰਗਰੂਰ, ਰੂਪਨਗਰ, ਫਤਿਹਗੜ੍ਹ ਸਾਹਿਬ ਤੇ ਪਟਿਆਲਾ ਵਿੱਚ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਜਦਕਿ ਬਾਕੀ 5 ਜ਼ਿਲ੍ਹਿਆਂ ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਬਠਿੰਡਾ ਤੇ ਮਾਨਸਾ 'ਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇੱਥੇ ਤੇਜ਼ ਹਵਾਵਾਂ ਦੇ ਨਾਲ ਮੀਂਹ ਤੇ ਗੜੇ ਪੈਣ ਦੀ ਸੰਭਾਵਨਾ ਹੈ। ਇਸ ਕਾਰਨ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਜਾਵੇਗੀ। ਇਸ ਦੇ ਨਾਲ ਹੀ ਅੰਮ੍ਰਿਤਸਰ 'ਚ ਸਵੇਰ ਤੋਂ ਹੀ ਰੁਕ-ਰੁਕ ਕੇ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਮੁਤਾਬਕ ਪੰਜਾਬ ਸਣੇ ਉੱਤਰੀ ਭਾਰਤ ਵਿੱਚ ਅਗਲੇ ਦੋ ਦਿਨ ਪੱਛਮੀ ਗੜਬੜੀ ਸਰਗਰਮ ਰਹਿਣ ਵਾਲੀ ਹੈ। ਇਸ ਕਰਕੇ ਮੌਸਮ ਕਰਵਟ ਲੈ ਰਿਹਾ ਹੈ। ਪੱਛਮੀ ਗੜਬੜੀ ਕਾਰਨ ਬਾਰਸ਼ ਤੇ ਗੜ੍ਹੇਮਾਰੀ ਹੋ ਸਕਦੀ ਹੈ। ਇਸ ਨਾਲ ਇੱਕ ਵਾਰ ਮੁੜ ਪਾਰਾ ਹੇਠਾਂ ਆਏਗਾ। ਹਿਮਾਚਲ ਵਿੱਚ ਮੀਂਹ ਤੇ ਬਰਫ਼ਬਾਰੀ ਕਾਰਨ ਵੀ ਪੰਜਾਬ ਵਿੱਚ ਠੰਢ ਵਧੇਗੀ। ਮੌਸਮ ਵਿਭਾਗ ਮੁਤਾਬਕ ਅੱਜ ਅੰਮ੍ਰਿਤਸਰ ਵਿੱਚ ਬੱਦਲ ਛਾਏ ਰਹਿਣਗੇ ਤੇ ਮੀਂਹ ਪੈਣ ਦੇ ਆਸਾਰ ਹਨ। ਤਾਪਮਾਨ 14 ਤੋਂ 22 ਡਿਗਰੀ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਜਲੰਧਰ ਵਿੱਚ ਅੱਜ ਮੀਂਹ ਪੈਣ ਦੇ ਆਸਾਰ ਹਨ। ਤਾਪਮਾਨ 11 ਤੋਂ 23 ਡਿਗਰੀ ਦੇ ਵਿਚਕਾਰ ਰਹੇਗਾ। ਲੁਧਿਆਣਾ ਵਿੱਚ ਅੱਜ ਆਸਮਾਨ 'ਚ ਬੱਦਲ ਛਾਏ ਰਹਿਣਗੇ ਤੇ ਮੀਂਹ ਪੈਣ ਦੇ ਆਸਾਰ ਹਨ। ਤਾਪਮਾਨ 12 ਤੋਂ 25 ਡਿਗਰੀ ਦੇ ਵਿਚਕਾਰ ਰਹਿ ਸਕਦਾ ਹੈ। ਇਸ ਦੇ ਨਾਲ ਹੀ ਮੁਹਾਲੀ ਵਿੱਚ ਅੱਜ ਆਸਮਾਨ 'ਚ ਬੱਦਲ ਛਾਏ ਰਹਿਣਗੇ ਤੇ ਮੀਂਹ ਪੈਣ ਦੇ ਆਸਾਰ ਹਨ। ਤਾਪਮਾਨ 13 ਤੋਂ 23 ਡਿਗਰੀ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਸੂਬੇ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਅੱਜ ਮੀਂਹ ਪੈਣ ਦੇ ਆਸਾਰ ਹਨ। ਤਾਪਮਾਨ 12 ਤੋਂ 24 ਡਿਗਰੀ ਦੇ ਵਿਚਕਾਰ ਰਹਿ ਸਕਦਾ ਹੈ।




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ ‘ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ ‘ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net

# ਕੀ ਗਿਆਨੀ ਹਰਪ੍ਰੀਤ ਸਿੰਘ ਤਖਤ ਦਮਦਮਾ ਸਾਹਿਬ ਕਹਿ ਸਕਦੇ ਹਨ ਕਿ ਸੌਦਾ ਸਾਧ ਨੂੰ ਉਤਸ਼ਾਹਿਤ ਕਰਨ ਵਾਲੇ ਬਾਦਲ ਪਰਿਵਾਰ ਵਾਲੇ ਹਨ ?





ਕੀ ਗਿਆਨੀ ਹਰਪ੍ਰੀਤ ਸਿੰਘ ਤਖਤ ਦਮਦਮਾ ਸਾਹਿਬ ਕਹਿ ਸਕਦੇ ਹਨ ਕਿ ਸੌਦਾ ਸਾਧ ਨੂੰ ਉਤਸ਼ਾਹਿਤ ਕਰਨ ਵਾਲੇ ਬਾਦਲ ਪਰਿਵਾਰ ਵਾਲੇ ਹਨ ।ਵਡੇ ਬਾਦਲ ਤੋਂ ਅਕਾਲ ਤਖਤ ਵਲੋਂ ਦਿਤਾ ਖਿਤਾਬ ਵਾਪਸ ਲਿਆ ਜਾਣਾ ਚਾਹੀਦਾ ਹੈ ।ਕੀ ਉਹ ਕਹਿ ਸਕਦੇ ਹਨ ਜਥੇਦਾਰ ਕਉਕੇ ਦੇ ਕਤਲ ਦੇ ਜਿੰਮੇਵਾਰ ਪੁਲਸੀਆਂ ਨੂੰ ਅਹਿਮ ਜਿੰਮੇਵਾਰੀਆਂ ਸੌਂਪਣ ਵਾਲੇ ਬਾਦਲ ਪਰਿਵਾਰ ਨੇ ਵਡਾ ਗੁਨਾਹ ਕੀਤਾ ।ਉਹਨਾਂ ਦੀ ਧਾਰਮਿਕ ਤੇ ਰਾਜਨੀਤੀ ਬਾਦਲ ਦਲ ਦੇ ਸਮਾਨਾਂਤਰ ਚਲਦੀ ਹੈ। ਉਹਨਾਂ ਨੇ ਸਰਕਾਰੀ ਸੁਰਖਿਆ ਕਿਉਂ ਲਈ ।ਇਹ ਡਰ ਕਿਸ ਤੋਂ ਹੈ ।ਬਾਕੀ ਜਥੇਦਾਰਾਂ ਨਾਲੋਂ ਸਿਆਣੇ ਹਨ ।ਇਸ ਵਿਚ ਕੋਈ ਸ਼ਕ ਨਹੀਂ ।ਪਰ ਕੋਈ ਪੰਥਕ ਸੇਧ ਦੀ ਉਨ੍ਹਾਂ ਕੋਲੋਂ ਸੰਭਾਵਨਾ ਨਹੀਂ ।ਉਹਨਾਂ ਕੋਲ ਹਾਲਾਂਕਿ ਸ਼ਬਦਾਂ ਉਪਰ ਪਕੜ ਸੀ ਪਰ ਨੀਤੀ ਨਹੀਂ ।ਨੀਤੀ ਨਾ ਹੋਵੇ ਤਾਂ ਸੇਧ ਨਹੀਂ ਮਿਲ ਸਕਦੀ ।ਨਸ਼ਿਆਂ ਖਿਲਾਫ ਲੜਨ ਵਾਲਾ ਸਾਧਾਰਨ ਜਿਹਾ ਸਿਖ ਪਰਮਿੰਦਰ ਸਿੰਘ ਝੋਟਾ ਬੇਤਾਬ ਤੇ ਬੇਚੈਨ ਸਿਖ ਜਿਸਨੂੰ ਜਾਪਦਾ ਹੈ ਕਿ ਪੰਥ ਦੀ ਅਗਵਾਈ ਵਾਲਾ ਕੋਈ ਲੀਡਰ ਨਹੀਂ ।ਜਥੇਦਾਰ ਅਕਾਲੀ ਫੂਲਾ ਸਿੰਘ ਵਰਗੇ ਹੋਣੇ ਚਾਹੀਦੇ ਹਨ ਉਸ ਦੀ ਬੋਲ ਬਾਣੀ ਉਪਰ ਅਸੀਂ ਇਤਰਾਜ਼ ਕਰ ਸਕਦੇ ਹਾਂ। ਪਰ ਜਥੇਦਾਰ ਦੀ ਨੀਤੀ ਉਪਰ ਕਿਉਂ ਨਹੀਂ ।ਸੁਆਲਾਂ ਦੇ ਜਵਾਬ ਹਰੇਕ ਨੂੰ ਦੇਣੇ ਪੈਣਗੇ ਜੋ ਪੰਥ ਤੇ ਪੰਜਾਬ ਦੀ ਅਗਵਾਈ ਕਰਨਾ ਚਾਹੁੰਦਾ ਹੈ ।ਸੁਆਲ ਕਰਨ ਦੀ ਜਾਚ ਸਤਿਗੁਰੂ ਗੋਬਿੰਦ ਸਿੰਘ ਨੇ ਦਸੀ ਹੈ ।ਸਤਿਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿੱਚ ਵਿਚਰਦਿਆਂ ਇਹ ਸਰਬਸਾਂਝਾ ਉਪਦੇਸ਼ ਸਾਨੂੰ ਸਭ ਨੂੰ ਦਿੱਤਾ ਸੀ ਕਿ–ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ॥ (661) ਜਿਨਾਂ ਚਿਰ ਸੰਸਾਰ ਵਿੱਚ ਵਿਚਰਨਾ ਹੈ ਕੁੱਝ ਸੁਣਨਾ ਅਤੇ ਕੁੱਝ ਕਹਿਣਾ ਵੀ ਹੈ ਭਾਵ ਵੀਚਾਰਾਂ ਦੀ ਸਾਂਝ ਬਣਾਈ ਰੱਖਣੀ ਹੈ ।ਆਸ ਕਰਦਾ ਹਾਂ ਕਿ ਜਥੇਦਾਰ ਜੀ ਉਪਰੋਕਤ ਮੁਦਿਆਂ ਵਲ ਧਿਆਨ ਦੇਣਗੇ ।ਅਸੀਂ ਬਾਬੇ ਸਤਿਗੁਰੂ ਅਗੇ ਅਰਦਾਸ ਕਰਦੇ ਹਾਂ ਕਿ ਜਥੇਦਾਰ ਜੀ ਦਾ ਗਿਆਨ ਸਿਖ ਪੰਥ ਦੇ ਕੰਮ ਆ ਸਕੇ ।ਗੁਰੂ ਉਨ੍ਹਾ ਨੂੰ ਅਗਵਾਈ ਕਰਨ ਦੀ ਸਮਰਥਾ ਬਖਸ਼ੇ ।

ਆਵਾਜ਼ਿ ਕੌਮ AWAZE QAUM International Newspaper & WEB TV

ਵਿਚਾਰ ਆਪੋ-ਆਪਣਾ

**-BALVINDER PAL SINGH PROF**
**#punjabchardikala 'highlight**

24 HOURS SERVICE EVERYDAY
100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

## ੨੧ ਫਰਵਰੀ ਅੰਤਰਰਾਸ਼ਟਰੀ 21 February
## ਮਾਂ ਬੋਲੀ ਦਿਹਾੜੇ ਦੀਆਂ ਵਧਾਈਆਂ ਜੀ

ਪੰਜਾਬੀ ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ   ਾ ਕੰਨਾ   ਿ ਸਿਹਾਰੀ   ੀ ਬਿਹਾਰੀ

ੁ ਔਂਕੜ   ੂ ਦੁਲੈਂਕੜ   ੇ ਲਾਂ   ੈ ਦੁਲਾਵਾਂ

ੋ ਹੋੜਾ   ੌ ਕਨੌੜਾ   ੰ ਟਿੱਪੀ   ਂ ਕੰਨਾ-ਬਿੰਦੀ

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI

International
Mother Language Day diyan Vadaiyan Ji

# ਐਵੇਂ ਨਹੀ ਦੁਨੀਆਂ ਸੰਤਾਂ ਦੀ ਮੁਰੀਦ...





ਸ਼ਮਸ਼ੇਰ ਸਿੰਘ ਜੇਠੂਵਾਲ

ਬੀਤੇ ਕੱਲ ਝੋਟੇ ਨਾਮ ਦੇ ਸਖ਼ਸ਼ ਨੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਜੋ ਬੁਰਛਾਗਰਦੀ ਕੀਤੀ,ਸੁਹਿਰਦ ਸੱਜਣਾਂ ਵਲੋਂ ਪੰਥ ਦੀਆਂ ਸਤਿਕਾਰਤ ਹਸਤੀਆਂ ਨਾਲ ਘਟੀਆ ਲਹਿਜੇ ਨਾਲ ਪੇਸ਼ ਆਉਣ ਦਾ ਵਿਰੋਧ ਜਤਾਇਆ ਗਿਆ ਜੋ ਕਿ ਜ਼ਰੂਰੀ ਸੀ।

ਪੰਥ ਦੇ ਮਹਾਨ ਸ਼ਹੀਦ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਦੇ ਫਰਜੰਦ ਵਲੋਂ ਤਾਂ ਬਹੁਤ ਸੋਹਣੇ ਲਫਜ਼ਾਂ ਨਾਲ ਸੰਦੇਸ਼ ਦਿੱਤਾ, ਕਿ ਸਿੱਖ ਰਾਜ ਦਾ ਖਾਤਮਾ ਬੁਰਛਾਗਰਦੀ ਕਾਰਨ ਹੋਇਆ ਜੋ ਪੰਥ ਤੇ ਫਿਰ ਭਾਰੂ ਹੈ।

ਪਰ ਖਾਲੀ ਭਾਂਡਿਆਂ ਵਾਂਗ ਖੜਕਣ ਵਾਲੇ ਲੋਕ ਦਾਨੀ,ਭਗਤ,ਸੂਰਮਿਆਂ,ਸਾਧੂਆਂ ਦੀਆਂ ਰਮਜ਼ਾਂ ਕੀ ਜਾਨਣ ।

ਗਿਆਨੀ ਹਰਪ੍ਰੀਤ ਸਿੰਘ ਨਾਲ ਸਾਡੀ ਬਣਨੀ ਨਾ ਬਣਨੀ ਇਕ ਅਲੱਗ ਵਿਸ਼ਾ ਹੈ,ਪਰ ਜਿੰਨਾ ਪਦਵੀਆਂ ਤੇ ਜਥੇਦਾਰ ਬਿਰਾਜਮਾਨ ਹਨ ਉਨ੍ਹਾਂ ਦਾ ਸਤਿਕਾਰ ਬਣਾਈ ਰੱਖਣਾ ਸਾਡਾ ਪੰਥਕ ਫਰਜ਼ ਹੈ।

ਕਿਉਂਕਿ ਨਾਮਧਰੀਕ ਨਿੰਦਕਾਂ ਨੇ ਦਹਾਕਿਆਂ ਤੋਂ ਪੰਥ ਦੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਪਹਿਲਾਂ ਹੀ ਮੱਥਾ ਲਾਇਆ ਹੈ। ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਂਦ ਪ੍ਰਭੂਸੱਤਾ ਨੂੰ ਚੈਲੰਜ਼ ਕੀਤਾ ਉਥੇ ਜਥੇਦਾਰ ਸਾਹਿਬ ਦੀ ਸਤਿਕਾਰਤ ਪਦਵੀ ਦਾ ਵੀ ਕੋਝਾ ਮਜਾਕ ਬਣਾਇਆ।

ਪੁਰਾਤਨ ਸਿੱਖ ਸੰਪ੍ਰਦਾਵਾਂ ਨੂੰ ਡੇਰਾਵਾਦ ਸਿੱਧ ਕਰਕੇ ਆਪਣੇ ਆਪ ਨੂੰ ਨਿਰੋਲ ਸਿੱਖ ਕਹਾਉਣ ਵਾਲਿਆਂ ਚੋਂ ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਬਹੁਤੇ ਨਿੰਦਕਾਂ ਨੇ ਦੇਹਧਾਰੀ ਗੁਰੂਡੰਮ ਖਿਲਾਫ਼ ਕਦੇ ਮੂੰਹ ਨਹੀ ਖੋਲ੍ਹਿਆ, ਜਦਕਿ ਸੰਪ੍ਰਦਾਵਾਂ ਚੋਂ ਦਮਦਮੀ ਟਕਸਾਲ ਨੇ ਹਿੱਕ ਡਾਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੰਥ ਦਾ ਨਿਰਾਦਰ ਕਰਨ ਵਾਲੇ ਨਰਕਧਾਰੀਆਂ ਖਿਲਾਫ਼ ਲਹੂ ਡੋਲ੍ਹਵਾਂ ਸੰਘਰਸ਼ ਕੀਤਾ ਸ਼ਹਾਦਤਾਂ ਦਿੱਤੀਆਂ...

ਆਵਾਜ਼ਿ ਕੌਮ AWAZE QAUM International Newspaper & WEB TV

ਦੂਜੇ ਪਾਸੇ ਜਥੇਦਾਰਾਂ ਵਿਰੁੱਧ ਬ੍ਰਿਤਾਂਤ ਸਿਰਜਣ ਵਾਲੇ ਅਖੌਤੀ ਅਗਾਹਵਧੂ ਪੰਥ ਚੋਂ ਛੇਕੇ ਮਸੰਦਾਂ ਤੋਂ ਅਗਵਾਈ ਲੈਂਦੇ ਵੇਖੇ ਜਾ ਸਕਦੇ ਹਨ।

ਵਰਤਮਾਨ ਵਿਚ ਇਕ ਡੇਢ ਦਹਾਕੇ ਤੋਂ ਸੰਤਾਂ ਦੇ ਨਾਮ ਤੇ ਦੁਕਾਨਦਾਰੀ ਚਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰਾਂ ਨੂੰ ਭੱਦੀ ਸ਼ਬਦਾਵਲੀ ਵਰਤਣ ਦਾ ਰਿਵਾਜ਼ ਬਣ ਚੁੱਕਾ ਹੈ,ਪਰ ਆਓ ਇਕ ਇਤਿਹਾਸਕ ਘਟਨਾ ਤੁਹਾਡੇ ਸਾਹਮਣੇਂ ਰੱਖ ਬੁਰਛਾਗਰਦੀ ਕਰਨ ਵਾਲਿਆਂ ਨੂੰ ਸਮਝਣ ਦਾ ਯਤਨ ਕਰੀਏ ਇਹ ਕਿੰਨੀ ਕੁ ਸਮਝ ਦੇ ਮਾਲਕ ਹਨ ।

ਸੰਨ੍ਹ 1982 ਤੋਂ ਬਾਅਦ ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸੰਘਰਸ਼ ਸਿਖਰ ਤੇ ਸੀ, ਤਤਕਾਲੀ ਸਰਕਾਰ ਹਰ ਹੀਲਾ ਵਰਤਕੇ ਸੰਤਾਂ ਨੂੰ ਨਿੱਹਥੇ ਕਰਕੇ ਗ੍ਰਿਫਤਾਰ ਕਰਨਾ ਚਾਹੁੰਦੀ ਸੀ,ਪਰ ਸੰਤ ਜੀ ਤੇ ਕਿਸੇ ਦੀ ਪੇਸ਼ ਨਹੀ ਜਾਂਦੀ ਸੀ।

ਅਖੀਰ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪ੍ਰਭਾਵ ਅਧੀਨ ਕਰਕੇ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਵਾ ਦਿੱਤਾ ਕਿ ਕੋਈ ਵੀ ਵਿਅਕਤੀ ਸ੍ਰੀ ਦਰਬਾਰ ਸਾਹਿਬ ਹਥਿਆਰ ਲੈ ਕੇ ਨਹੀ ਆ ਸਕਦਾ।

ਸਭ ਨੂੰ ਸਾਫ ਪਤਾ ਸੀ ਕਿ ਇਹ ਹੁਕਮ ਕਿਉਂ ਤੇ ਕਿਸ ਮਕਸਦ ਲਈ ਜਾਰੀ ਹੋਏ,ਸੰਤਾਂ ਦੇ ਪੱਖ ਵਿਚ ਖੜੇ ਸਿੰਘਾਂ ਨੇ ਸਖ਼ਤ ਇਤਰਾਜ਼ ਜਤਾਇਆ ਤੇ ਇਸ ਹੁਕਮ ਨੂੰ ਨਾ ਮੰਨਣ ਦਾ ਅਹਿਦ ਲਿਆ।

ਪਰ ਸੰਤ ਜੀ ਕਿਸੇ ਦੇ ਪ੍ਰਭਾਵ ਅਧੀਨ ਚੱਲਣ ਵਾਲੀ ਸਖਸ਼ੀਅਤ ਨਹੀ ਸਨ,ਨਾ ਹੀ ਕਿਸੇ ਦੀ ਜੁਰਅਤ ਸੀ ਉਨਾ ਦੇ ਨਾਮ ਤੇ ਕੋਈ ਆਪਹੁਦਰੀਆਂ ਬੁਰਛਾਗਰਦੀ ਕਰ ਜਾਵੇ, ਇਕ ਵਾਰ ਕਿਸੇ ਸਿੰਘ ਨੇ ਤਖ਼ਤ ਸਾਹਿਬ ਤੇ ਰਾਗਮਾਲਾ ਸਬੰਧੀ ਮਨਮਰਜੀ ਨਾਲ ਪ੍ਰਭਾਵ ਪਾਇਆ ਸੀ ਸੰਤਾਂ ਨੂੰ ਸ਼ਿਕਾਇਤ ਮਿਲਣ ਤੇ ਸੰਤਾਂ ਨੇ ਉਸ ਸਿੰਘ ਦੇ ਤੀਰ ਮਾਰ ਮਾਰ ਕੇ ਲੱਕ ਵਿੰਨ ਦਿੱਤਾ ਸੀ ।

ਸੰਤ ਜੀ ਨੇ ਹੁਕਮਨਾਮੇ ਬਾਰੇ ਸੁਣਿਆ ਤਾਂ ਕਹਿਣ ਲੱਗੇ ਅਸੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬ ਦੀ ਪਦਵੀ ਦਾ ਸਨਮਾਨ ਕਾਇਮ ਰੱਖਣਾ ਹੈ। ਬੰਦੇ ਆਉਦੇ ਜਾਂਦੇ ਰਹਿੰਦੇ ਹਨ ਪਰ ਇਹ ਸੰਸਥਾਵਾਂ ਪਦਵੀਆਂ ਮਹਾਨ ਹਨ।

ਸੰਤ ਜੀ ਸਮਰੱਥ ਹੁੰਦੇ ਹੋਏ ਵੀ ਲਗਾਤਾਰ ਕਈ ਦਿਨ ਜਥੇ ਸਮੇਂਤ ਪਰਿਕਰਮਾ ਚੋਂ ਮੱਥਾ ਟੇਕ ਵਾਪਸ ਪਰਤਦੇ ਰਹੇ ਅਖੀਰ ਸੰਗਤਾਂ ਦੇ ਵਿਰੋਧ ਕਾਰਨ ਇਹ ਹੁਕਮਨਾਮਾ ਵਾਪਸ ਲੈਣਾ ਪਿਆ ।

ਇਸ ਤਰ੍ਹਾਂ ਸੰਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬ ਦੀ ਪਦਵੀ ਦਾ ਸਨਮਾਨ ਕਾਇਮ ਰਖਿਆ,ਐਵੇਂ ਨਹੀ ਦੁਨੀਆਂ ਸੰਤ ਜੀ ਦੀ ਮੁਰੀਦ।










# ੧ੴ ਸਤਿਗੁਰੂ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## ਭੋਗ ਅਤੇ ਅੰਤਿਮ ਅਰਦਾਸ



ਸਿੱਖ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਅਤੇ ਕੌਮ ਲਈ 15 ਸਾਲ ਦੇ ਕਰੀਬ ਜੇਲ੍ਹ ਕੱਟਣ ਵਾਲੇ ਭਾਈ ਜੱਸਾ ਸਿੰਘ ਮਾਣਕੀ ਦੇ ਮਾਤਾ ਜੀ ਪ੍ਰੀਤਮ ਕੌਰ ਜੀ ਦੇ ਅਕਾਲ ਚਲਾਣਾ ਕਰਨ ਤੇ ਅਸੀਂ ਖਾਲਸਾ ਪੰਥ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ ਭਾਈ ਜੱਸਾ ਸਿੰਘ ਜੀ ਨੇ ਕੌਮ ਲਈ ਸੰਘਰਸ਼ ਕਰਦਿਆ ਵੱਡੀਆਂ ਕੌਮੀ ਸੇਵਾਵਾਂ ਕੀਤੀਆਂ ਹਨ ਜੇ ਭਾਈ ਸਾਬ ਜੀ ਰੂਪੋਸ ਰਹੇ ਤੇ ਜੇਲ੍ਹ ਵਿੱਚ ਰਹੇ ਤਾ ਮਾਤਾ ਪ੍ਰੀਤਮ ਕੌਰ ਜੀ ਹੋਰਾਂ ਨੇ ਬੜੇ ਦੁੱਖ ਝੱਲੇ ਹਨ ਮਾਤਾ ਜੀ ਹੋਰਾਂ ਦੀ ਦਿੱਤੀ ਸਿੱਖਿਆ ਦਾ ਅਸਰ ਹੀ ਸੀ ਭਾਈ ਮਾਣਕੀ ਜੀ ਕੌਮ ਦੀ ਸੇਵਾ ਕਰਨ ਲਈ ਜੰਗ ਦੇ ਮੈਦਾਨ ਵਿੱਚ ਨਿੱਤਰੇ ਸਨ ਭਾਈ ਸਾਹਿਬ ਜੀ ਦਾ ਪੂਰਾ ਪਰਿਵਾਰ ਅਮ੍ਰਿਤਧਾਰੀ ਹੈ ਮਾਤਾ ਜੀ ਆਪਣੇ ਜੀਵਨ ਦੇ ਅੰਤਲੇ ਦਿਨਾਂ ਤੱਕ ਪੱਕੇ ਨਿਤਨੇਮੀ ਰਹੇ ਤੇ ਹਰ ਰੋਜ ਗੁਰੂ ਘਰ ਜਾਣਾ ਉਹਨਾਂ ਦੀ ਗੁਰੂ ਗ੍ਰੰਥ ਪੰਥ ਪ੍ਰਤੀ ਪਰਪੱਕਤਾ ਸੀ

**ਮਾਤਾ ਜੀ ਜੀ ਨਮਿਤ ਪਾਠ ਦੇ ਭੋਗ ਗੁਰਦਵਾਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਮਾਣਕੀ ਜਿਲ੍ਹਾ ਮਲੇਰਕੋਟਲਾ ਵਿਖ਼ੇ 20 ਫਰਵਰੀ ਨੂੰ ਪਏ ਜਾਣਗੇ**

ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

## ਮਾਤਾ ਪ੍ਰੀਤਮ ਕੌਰ ਜੀ

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 11 ਫਰਵਰੀ, 2024 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

## ਸ਼੍ਰੀ ਸਹਿਜ ਪਾਠ ਦੇ ਭੋਗ

**ਮਿਤੀ 20 ਫਰਵਰੀ, 2024 ਦਿਨ ਮੰਗਲਵਾਰ ਨੂੰ**

**ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ (ਮਾਣਕੀ) ਜ਼ਿਲ੍ਹਾ ਮਾਲੇਰਕੋਟਲਾ ਵਿਖੇ**

ਸਮਾਂ 12:00 ਤੋਂ 01:00 ਵਜੇ ਤੱਕ ਪਵੇਗਾ।
ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

ਵੱਲੋਂ: ਜੱਸਾ ਸਿੰਘ ਮਾਣਕੀ(ਪੁੱਤਰ)
ਜੱਥੇਬੰਦਕ ਸਕੱਤਰ,ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਲਕਾ ਮਹਿਲ ਕਲਾਂ।
ਦਰਸ਼ਨ ਸਿੰਘ ਰਾਣੂੰ (ਪੁੱਤਰ)
ਤੇਜਬੰਤ ਸਿੰਘ ਰਾਣੂੰ (ਪੁੱਤਰ)
ਸੰਪਰਕ:-9876968380,8289049695
ਨੋਟ: ਵੱਖਰੇ ਕਾਰਡ ਨਹੀ ਭੇਜੇ ਜਾ ਰਹੇ।

**--✶ ਜਾਰੀ ਕਰਤਾ ✶--**

ਬਾਬਾ ਇੰਦਰ ਸਿੰਘ ਕਾਰ ਸੇਵਾ
ਬਾਬਾ ਬਲਬੀਰ ਸਿੰਘ ਭੂਤਨਾ
ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ
ਭਾਈ ਸੁਰਿੰਦਰ ਸਿੰਘ ਠੀਕਰੀਵਾਲ
ਭਾਈ ਸ਼ਮਸੇਰ ਸਿੰਘ ਭੰਗੂ
ਭਾਈ ਹਰਜੰਟ ਸਿੰਘ ਬਿਜਲੀਵਾਲ
ਭਾਈ ਮਹਿੰਦਰ ਸਿੰਘ ਅਸੰਧ

ਆਵਾਜ਼ਿ ਕੌਮ AWAZE QAUM International Newspaper & WEB TV

ਸੱਤਾ ਦੇ ਨਸ਼ੇ ਵਿੱਚ ਚੂਰ ਭਾਜਪਾ ਸਰਕਾਰ ਵੱਲੋਂ

# ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਰੇ ਬੈਂਕ ਖ਼ਾਤੇ ਮੁਅੱਤਲ ਕਰਨਾ ਬੇਹੱਦ ਨਿੰਦਣਯੋਗ ਅਤੇ ਗੈਰਕਾਨੂੰਨੀ ਗੱਲ : ਰਾਜਾ ਵੜਿੰਗ











ਆਵਾਜ਼ਿ ਕੌਮ AWAZE QAUM International Newspaper & WEB TV





ਸੱਤਾ ਦੇ ਨਸ਼ੇ ਵਿੱਚ ਚੂਰ ਭਾਜਪਾ ਸਰਕਾਰ ਵੱਲੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਰੇ ਬੈਂਕ ਖ਼ਾਤੇ ਮੁਅੱਤਲ ਕਰਨਾ ਬੇਹੱਦ ਨਿੰਦਣਯੋਗ ਅਤੇ ਗੈਰਕਾਨੂੰਨੀ ਗੱਲ ਹੈ। ਇਸ ਤਾਨਾਸ਼ਾਹੀ ਖ਼ਿਲਾਫ਼ ਪੰਜਾਬ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਇਨਕਮ ਟੈਕਸ ਵਿਭਾਗ ਮੋਹਾਲੀ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਆਪਣੇ ਹੰਕਾਰ ਵਿੱਚ ਅੰਨ੍ਹੀ ਹੋਈ ਭਾਜਪਾ ਹਰ ਵਾਰ ਲੋਕਤੰਤਰ ਦਾ ਘਾਣ ਕਰ ਰਹੀ ਹੈ ਪਰ ਅਸੀਂ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਰਹਾਂਗੇ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਜਥੇਦਾਰ ਦਾਦੂਵਾਲ ਵੱਲੋਂ ਧਰਮ ਪ੍ਰਚਾਰ ਦੇ ਨਾਲ-ਨਾਲ

# ਪਰਉਪਕਾਰ ਦੇ ਕੀਤੇ ਜਾਂਦੇ ਕਾਰਜ ਸ਼ਲਾਘਾਯੋਗ - ਜਥੇਦਾਰ ਰੋਡੇ

### ਸਭਾਗੇ 21 ਜੋੜਿਆਂ ਦੇ ਗੁਰਮਰਿਆਦਾ ਅਨੁਸਾਰ ਸੰਪੂਰਨ ਹੋਏ ਅਨੰਦ ਕਾਰਜ















**ਸਿਰਸਾ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਦੇ ਸਿਰਸਾ ਜ਼ਿਲੇ ਵਿੱਚ ਸਥਿਤ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਸਾਲਾਨਾ ਗੁਰਮਤਿ ਸਮਾਗਮ ਅਤੇ 21 ਸੁਭਾਗੇ ਜੋੜਿਆਂ ਦੇ ਆਨੰਦ ਕਾਰਜ ਗੁਰਮਰਿਆਦਾ ਅਨੁਸਾਰ ਸੰਪੂਰਨ ਹੋਏ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਤੇ ਸੁੱਖ ਸੇਵਾ ਸਿਮਰਨ ਟਰਸੱਟ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਵਿਦੇਸ਼ ਵਿੱਚ ਧਰਮ ਪ੍ਰਚਾਰ ਪ੍ਰਸਾਰ ਦੇ ਨਾਲ ਨਾਲ ਲੋਕ ਭਲਾਈ ਪਰਉਪਕਾਰ ਦੇ ਕੀਤੇ ਜਾਂਦੇ ਕਾਰਜ ਅਤਿਅੰਤ ਸਲਾਘਾਯੋਗ ਹਨ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਸੁੱਖ ਸੇਵਾ ਸਿਮਰਨ ਟਰਸੱਟ ਵਲੋਂ ਅਯੋਜਿਤ ਸਾਲਾਨਾ ਗੁਰਮਤਿ ਸਮਾਗਮ ਵਿੱਚ ਜੁੜੀਆਂ ਹਜ਼ਾਰਾਂ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ ਸਿੰਘ ਸਾਹਿਬ ਰੋਡੇ ਨੇ ਕਿਹਾ ਕੇ ਜਥੇਦਾਰ ਦਾਦੂਵਾਲ ਜੀ ਵੱਲੋਂ ਪਿਛਲੇ 28 ਸਾਲਾਂ ਤੋਂ ਦੇਸ਼ ਪ੍ਰਦੇਸ਼ ਵਿੱਚ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਅੰਮ੍ਰਿਤ ਸੰਚਾਰ ਵੱਡੀ ਪੱਧਰ ਤੇ ਕੀਤਾ ਜਾ ਰਿਹਾ ਹੈ ਇਸ ਦੇ ਨਾਲ ਹੀ ਹਰ ਸਾਲ ਗੁਰਦੁਆਰਾ ਦਾਦੂ ਸਾਹਿਬ ਸਲਾਨਾ ਸਮਾਗਮ ਕਥਾ ਕੀਰਤਨ ਤੋਂ ਇਲਾਵਾ 21 ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਆਨੰਦ ਕਾਰਜ ਕੀਤੇ ਜਾਂਦੇ ਹਨ ਅਤੇ ਜਿਨਾਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਸਾਰਾ ਵਧੀਆ ਸਾਜੋ ਸਮਾਨ ਦੇ ਕੇ ਵਿਦਾ ਕੀਤਾ ਜਾਂਦਾ ਹੈ ਇਹ ਅਤਿਅੰਤ ਹੀ ਸਲਾਘਾਯੋਗ ਕਾਰਜ ਹੈ ਸਲਾਨਾ ਗੁਰਮਤਿ ਸਮਾਗਮ ਤੇ ਸੰਸਾਰ ਪ੍ਰਸਿੱਧ ਸਮਾਜਸੇਵੀ ਸ਼ਖਸ਼ੀਅਤਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐਸ ਪੀ ਸਿੰਘ ਓਬਰਾਏ ਦੁਬਈ ਵਾਲੇ,ਸ.ਅਜੇ ਸਿੰਘ ਜੁਨੇਜਾ ਫਰੀਦਾਬਾਦ,ਸ.ਉਪਕਾਰ ਸਿੰਘ ਹੋਠੀ ਜਲੰਧਰ,ਜਗਤਾਰ ਸਿੰਘ ਨਹਿਲ ਗੁਰਪੇਜ ਸਿੰਘ ਵਿਰਕ ਮੀਥਰ ਅਕੈਡਮੀ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਸਮਾਗਮ ਵਿੱਚ ਬੇਅੰਤ ਸੰਤ ਮਹਾਂਪੁਰਖਾਂ ਨੇ ਪੁੱਜਕੇ ਸਭਾਗੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਇਸ ਸਮੇਂ ਸਮਾਗਮ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ,ਮੈਂਬਰ ਸੁਦਰਸ਼ਨ ਸਿੰਘ ਸਹਿਗਲ ਅੰਬਾਲਾ,ਸਾਬਕਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਧਮੀਜਾ,ਮੈਂਬਰ ਹਰਭਜਨ ਸਿੰਘ ਰਠੌੜ ਰੋਹਤਕ,ਮੈਂਬਰ ਟੀਪੀ ਸਿੰਘ ਅੰਬਾਲਾ,ਮੈਂਬਰ ਤਜਿੰਦਰਪਾਲ ਸਿੰਘ ਨਾਰਨੌਲ ਮਹਿੰਦਰਗੜ,ਮੈਂਬਰ ਪ੍ਰਕਾਸ਼ ਸਿੰਘ ਸਾਹੂਵਾਲਾ ਸਿਰਸਾ,ਮੈਂਬਰ ਪਰਮਜੀਤ ਸਿੰਘ ਮਾਖਾ ਸਿਰਸਾ,ਸਾਬਕਾ ਮੀਤ ਪ੍ਰਧਾਨ ਸਵਰਨ ਸਿੰਘ ਰਤੀਆ,ਸਾਬਕਾ ਮੈਂਬਰ ਗੁਰਪ੍ਰਸਾਦਿ ਸਿੰਘ ਫਰੀਦਾਬਾਦ ਪ੍ਰਧਾਨ ਗਤਕਾ ਐਸੋਸੀਏਸ਼ਨ ਹਰਿਆਣਾ,ਸਾਬਕਾ ਮੈਂਬਰ ਗੁਰਪਾਲ ਸਿੰਘ ਗੋਰਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਲਨਾਬਾਦ,ਸਾਬਕਾ ਮੈਂਬਰ ਸੋਹਣ ਸਿੰਘ ਗਰੇਵਾਲ ਸਿਰਸਾ,ਮਨਜੀਤ ਸਿੰਘ ਭੋਮਾ ਚੇਅਰਮੈਨ ਪੰਜਾਬ ਧਰਮ ਪ੍ਰਚਾਰ ਵਿੰਗ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਬਾਬਾ ਗੁਰਪਾਲ ਸਿੰਘ 18 ਐਫ ਰਾਜਸਥਾਨ,ਬਾਬਾ ਜਗਤਾਰ ਸਿੰਘ ਕਾਰ ਸੇਵਾ ਗੁਰਦੁਆਰਾ ਚਿਲਾ ਸਾਹਿਬ ਸਿਰਸਾ,ਸੰਤ ਰਣਜੀਤ ਸਿੰਘ ਸੇਵਾਪੰਥੀ ਗੋਨਿਆਣਾ ਮੰਡੀ,ਸੰਤ ਜਤਿੰਦਰ ਸਿੰਘ ਸੇਵਾਪੰਥੀ ਕਲਾਨੌਰ,ਸੰਤਰੇਨ ਬਾਬਾ ਲਖਵੀਰ ਸਿੰਘ ਲਲੌਂਡੇ ਵਾਲੇ,ਬਾਬਾ ਭਗਵੰਤ ਸਿੰਘ ਢੀਡਸਾ ਵਾਲੇ,ਬਾਬਾ ਲਾਲ ਸਿੰਘ ਭੀਖੀ ਵਾਲੇ,ਬਾਬਾ ਕਰਤਾਰ ਸਿੰਘ ਤਿਲੋਕੇਵਾਲਾ,ਬਾਬਾ ਅਰਜਨ ਸਿੰਘ ਲਹਿਰੀ,ਬਾਬਾ ਪ੍ਰਿਤਪਾਲ ਸਿੰਘ ਘਣਗਸ ਮਲੇਸ਼ੀਆ ਵਾਲੇ,ਬਾਬਾ ਗੁਰਸੇਵਕ ਸਿੰਘ ਸੰਦੌੜ ਵਾਲੇ,ਬਾਬਾ ਜਗਜੀਤ ਸਿੰਘ ਕਕਰਾਲੇ ਵਾਲੇ,ਬਾਬਾ ਨਾਜਰ ਸਿੰਘ ਧਬਲਾਣ ਵਾਲੇ,ਬਾਬਾ ਪ੍ਰਦੀਪ ਸਿੰਘ ਢੈਪਈ,ਬਾਬਾ ਜੀਵਨ ਸਿੰਘ ਹਾਂਗਕਾਂਗ,ਬਾਬਾ ਬਲਕਾਰ ਸਿੰਘ ਬਰੇਟਾ ਵਾਲੇ,ਬਾਬਾ ਹਰਦੀਪ ਸਿੰਘ ਫਤਿਹਗੜ ਸਾਹਿਬ,ਬਾਬਾ ਹਾਕਮ ਸਿੰਘ ਖੁੰਭਰ,ਬਾਬਾ ਜਬਰਜੰਗ ਸਿੰਘ ਦਾਦੂ ਸਾਹਿਬ,ਪ੍ਰਸਿੱਧ ਸੂਫੀ ਗਾਇਕ ਬਰਿੰਦਰ ਢਿੱਲੋ ਸਮਸ਼ੇਰ ਲਹਿਰੀ,ਪੰਜਾਬੀ ਹਾਸਰਸ ਕਲਾਕਾਰ ਹਰਬੀ ਸੰਘਾ,ਸੀਸਪਾਲ ਕੇਹਰਵਾਲਾ ਵਿਧਾਇਕ ਕਾਲਾਂਵਾਲੀ,ਗੁਰਪ੍ਰੀਤ ਸਿੰਘ ਬਣਾਂਵਾਲੀ ਵਿਧਾਇਕ ਸਰਦੂਲਗੜ,ਬਲਕੌਰ ਸਿੰਘ ਸਾਬਕਾ ਵਿਧਾਇਕ ਕਾਲਾਂਵਾਲੀ,ਨਿਰਮਲ ਸਿੰਘ ਮੱਲੜੀ,ਸੁੱਖ ਸੇਵਾ ਸਿਮਰਨ ਟਰਸੱਟ ਅਤੇ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਦੇ ਆਗੂ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ,ਡਾ.ਗੁਰਮੀਤ ਸਿੰਘ ਖਾਲਸਾ ਬਰੀਵਾਲਾ,ਭਾਈ ਗੁਰਸੇਵਕ ਸਿੰਘ ਰੰਗੀਲਾ,ਭਾਈ ਰਣਧੀਰ ਸਿੰਘ ਦਕੋਹਾ,ਭਾਈ ਸੁਖਪਾਲ ਸਿੰਘ ਸੁਖੀਆ,ਭਾਈ ਜਗਮੀਤ ਸਿੰਘ ਬਰਾੜ,ਬਾਬਾ ਜੀਵਨ ਸਿੰਘ ਚੁਨਾਗਰਾ,ਬਾਬਾ ਸਤਿਨਾਮ ਸਿੰਘ ਸ਼ਾਹਪੁਰ ਬੇਲਾ,ਅਰਵਿੰਦਰ ਸਿੰਘ ਸੋਢੀ,ਜਸਵਿੰਦਰ ਸਿੰਘ ਸਾਹੋਕੇ,ਬਲਵਿੰਦਰ ਸਿੰਘ ਟਹਿਣਾ, ਜਸਪਿੰਦਰ ਸਿੰਘ ਡੱਲੇਵਾਲਾ,ਜਸਵੰਤ ਸਿੰਘ ਸਿਉਨਾ,ਕੁਲਵੰਤ ਸਿੰਘ ਬਾਜਾਖਾਨਾ,ਐਡਵੋਕੇਟ ਸ਼ਿੰਦਰਪਾਲ ਸਿੰਘ ਬਰਾੜ ਬਠਿੰਡਾ,ਐਡਵੋਕੇਟ ਸੁਖਬੀਰ ਸਿੰਘ ਬਰਾੜ ਡੱਬਵਾਲੀ,ਐਡਵੋਕੇਟ ਅਦਿੱਤਿਆ ਪੰਚਕੂਲਾ,ਐਡਵੋਕੇਟ ਰਜੀਵ ਬਿੱਟਾ,ਐਡਵੋਕੇਟ ਗੁਰਮੀਤ ਸਿੰਘ ਖਾਲਸਾ,ਕਿਸਾਨ ਆਗੂ ਗੁਰਬੀਰ ਸਿੰਘ ਤਲਾਕੌਰ ਯਮੁਨਾਨਗਰ,ਡਾ.ਜਗਮੀਤ ਸਿੰਘ ਲਾਡੀ,ਗੁਰਵਿੰਦਰ ਸਿੰਘ ਗਗਨ ਮਲੋਟ,ਉਮਰਾਓ ਸਿੰਘ ਛੀਨਾ ਕੈਥਲ,ਬੀਬੀ ਹਰਪਾਲ ਕੌਰ ਦਲਿਤ ਆਗੂ,ਕਾਲਾਂਵਾਲੀ ਮੰਡੀ ਤੋਂ ਪ੍ਰਦੀਪ ਜੈਨ,ਸੰਜੀਵ ਗਰਗ,ਸੁਰੇਸ਼ ਸਿੰਗਲਾ,ਅਸ਼ੋਕ ਸਿੰਗਲਾ,ਦਲਜੀਤ ਸਿੰਘ ਘੁਲਿਆਣੀ,ਡਾ.ਨਰੇਸ਼ ਸਿੰਗਲਾ,ਜਗਜੀਤ ਸਿੰਘ ਧਾਲੀਵਾਲ ਸਿਵਲ ਲਾਈਨ ਬਠਿੰਡਾ,ਦਵਿੰਦਰ ਸਿੰਘ ਹਨੀ,ਹਰਪ੍ਰੀਤ ਸਿੰਘ ਗਗਨ,ਲਵਲੀ ਸਿੰਘ ਬਠਿੰਡਾ,ਯਾਦਵਿੰਦਰ ਕਾਂਸਲ ਪਟਿਆਲਾ,ਹਰਪ੍ਰੀਤ ਸਿੰਘ ਦਰਦੀ ਚੜਦੀਕਲਾ ਗਰੁੱਪ,ਬੀਬੀ ਜੋਗਿੰਦਰ ਕੌਰ ਸਰਹਾਲੀ,ਦਰਸ਼ਨ ਸਿੰਘ ਮੰਡ,ਜੱਸਾ ਸਿੰਘ ਮੰਢਿਆਲਾ,ਜਗਜੀਤ ਸਿੰਘ ਕਾਕਾ ਸਰਦੂਲਗੜ,ਸੇਠ ਪਾਲੀ ਸਰਦੂਲਗੜ,ਸੁਰਜੀਤ ਸਿੰਘ ਬਠਿੰਡਾ ਵੀ ਹਾਜ਼ਰ ਸਨ।


ਆਵਾਜ਼ਿ ਕੌਮ
AWAZE QAUM
International Newspaper & WEB TV


ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਜਥੇਦਾਰ ਦਾਦੂਵਾਲ ਵੱਲੋਂ ਧਰਮ ਪ੍ਰਚਾਰ ਦੇ ਨਾਲ-ਨਾਲ

# ਪਰਉਪਕਾਰ ਦੇ ਕੀਤੇ ਜਾਂਦੇ ਕਾਰਜ ਸਲਾਘਾਯੋਗ - ਜਥੇਦਾਰ ਰੋਡੇ

**ਜਥੇਦਾਰ ਦਾਦੂਵਾਲ ਜੀ ਵੱਲੋਂ ਪਿਛਲੇ 28 ਸਾਲਾਂ ਤੋਂ ਦੇਸ਼ ਪ੍ਰਦੇਸ਼ ਵਿੱਚ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਅੰਮ੍ਰਿਤ ਸੰਚਾਰ ਵੱਡੀ ਪੱਧਰ ਤੇ ਕੀਤਾ ਜਾ ਰਿਹਾ ਹੈ**













ਆਵਾਜ਼ਿ ਕੌਮ AWAZE QAUM International Newspaper & WEB TV















ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਜਥੇਦਾਰ ਦਾਦੂਵਾਲ ਵੱਲੋਂ ਧਰਮ ਪ੍ਰਚਾਰ ਦੇ ਨਾਲ-ਨਾਲ

# ਪਰਉਪਕਾਰ ਦੇ ਕੀਤੇ ਜਾਂਦੇ ਕਾਰਜ ਸ਼ਲਾਘਾਯੋਗ - ਜਥੇਦਾਰ ਰੋਡੇ

### ਸਭਾਗੇ 21 ਜੋੜਿਆਂ ਦੇ ਗੁਰਮਰਿਆਦਾ ਅਨੁਸਾਰ ਸੰਪੂਰਨ ਹੋਏ ਅਨੰਦ ਕਾਰਜ






















ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




**ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜਥੇਦਾਰ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਦਾ ਇਨਸਾਫ਼ ਲੈਣ ਲਈ**

# ਪੰਥਕ ਧਿਰਾਂ ਦੀ ਬਣੀ ਤਾਲਮੇਲ ਇਨਸਾਫ਼ ਕਮੇਟੀ ਨੇ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਕਰਨ ਦਾ ਐਲਾਨ



**ਚੰਡੀਗੜ੍ਹ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜਥੇਦਾਰ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਦਾ ਇਨਸਾਫ਼ ਲੈਣ ਲਈ ਪੰਥਕ ਧਿਰਾਂ ਦੀ ਬਣੀ ਤਾਲਮੇਲ ਇਨਸਾਫ਼ ਕਮੇਟੀ ਨੇ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਅੱਜ ਇਥੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ , ਗੁਰੂ ਤੇਗ ਬਹਾਦਰ ਨਗਰ ਜਲੰਧਰ ਵਿਖੇ ਤਾਲਮੇਲ ਇਨਸਾਫ਼ ਕਮੇਟੀ ਦੀ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ , ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ , ਭਾਈ ਮੋਹਕਮ, ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ , ਸ਼ੇਰੇ ਪੰਜਾਬ ਅਕਾਲੀ ਦਲ ਦੇ ਪ੍ਰਧਾਨ ਸ ਗੁਰਦੀਪ ਸਿੰਘ ਬਠਿੰਡਾ , ਸ ਤਜਿੰਦਰ ਸਿੰਘ ਪੰਨੂ ਅਤੇ ਸ ਬਲਵਿੰਦਰ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ ਵੀਚਾਰ ਵਟਾਂਦਰਾ ਕਰਨ ਤੋਂ ਬਾਅਦ ਤਾਲਮੇਲ ਇਨਸਾਫ਼ ਕਮੇਟੀ ਵਲੋਂ ਕਿਸਾਨੀ ਸੰਘਰਸ਼ ਦੀ ਠੋਕਵੀਂ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਉਹਨਾਂ ਦੇਸ਼ ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਕਿਸਾਨੀ ਸੰਘਰਸ਼ ਦੀ ਹਰ ਪ੍ਰਕਾਰ ਲੰਗਰਾਂ , ਤੰਬੂਆਂ , ਕਪੜਿਆਂ ਤੋਂ ਇਲਾਵਾ ਹਰ ਤਰ੍ਹਾਂ ਦੀ ਕਿਸਾਨਾਂ ਦੀ ਮਦਦ ਕੀਤੀ ਜਾਵੇ ਜਿਸ ਦੀ ਕਿਸਾਨਾਂ ਨੂੰ ਮੌਕੇ ਦੀ ਲੋੜ ਹੋਵੇ । ਉਹਨਾਂ ਕਿਹਾ ਕੇਂਦਰ ਸਰਕਾਰ ਕਿਸਾਨਾਂ ਨਾਲ਼ ਗਲਬਾਤ ਦੇ ਡਰਾਮੇ ਨਾ ਕਰੇ । ਸਿੱਧਾ ਉਹਨਾਂ ਦੀਆਂ ਮੰਗਾਂ ਮੰਨਣ ਦਾ ਐਲਾਨ ਕਰੇ। ਕੇਂਦਰ ਸਰਕਾਰ ਨੂੰ ਦਿੱਲੀ ਕਿਸਾਨੀ ਸੰਘਰਸ਼ ਦੌਰਾਨ ਸਭ ਪਤਾ ਹੈ ਕਿ ਕਿਸਾਨ ਕੀ ਮੰਗਦੇ ਹਨ । ਹਰਿਆਣਾ ਦੀ ਸਰਕਾਰ ਵੱਲੋਂ ਕਿਸਾਨਾਂ ਤੇ ਲਾਠੀਚਾਰਜ ਤੇ ਅੱਥਰੂ ਗੈਸ ਸੁੱਟਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ।

ਦੂਸਰੇ ਫੈਸਲੇ ਅਨੁਸਾਰ ਤਾਲਮੇਲ ਸੰਗਠਨ ਇਨਸਾਫ਼ ਕਮੇਟੀ ਨੇ ਦੱਸਿਆ ਕਿ ਜਥੇਦਾਰ ਕਾਉਂਕੇ ਦੇ ਸੰਬੰਧ ਵਿੱਚ ਤਾਲਮੇਲ ਇਨਸਾਫ਼ ਕਮੇਟੀ ਨੂੰ ਦੋ ਵਾਰ ਮੁਲਾਕਾਤ ਦਾ ਸਮਾਂ ਦੇ ਕੇ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਨੇ ਆਪਣੇ ਹੋਰ ਰੁਝੇਵੇਂ ਦੱਸਕੇ ਮੁਲਾਕਾਤਾਂ ਰੱਦ ਕੀਤੀਆਂ ਹਨ । ਇਸ ਲਈ ਅੱਜ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਪੰਜਾਬ ਇੱਕ ਹਫ਼ਤੇ ਦੇ ਅੰਦਰ ਅੰਦਰ ਤਾਲਮੇਲ ਇਨਸਾਫ਼ ਕਮੇਟੀ ਨੂੰ ਮੁਲਾਕਾਤ ਦਾ ਸਮਾਂ ਦੇਵੇ ਨਹੀਂ ਤਾਂ ਇੱਕ ਹਫ਼ਤੇ ਬਾਅਦ ਤਾਲਮੇਲ ਇਨਸਾਫ਼ ਕਮੇਟੀ ਪੰਥਕ ਸ਼ਖਸ਼ੀਅਤਾਂ ਨਾਲ਼ ਮੁੱਖ ਮੰਤਰੀ ਦੇ ਨਿਵਾਸ ਮੂਹਰੇ ਧਰਨਾ ਮਾਰੇਗੀ। ਜਥੇਦਾਰ ਕਾਉਂਕੇ ਸਾਹਿਬ ਦਾ ਇਨਸਾਫ਼ ਹਰ ਹਾਲਤ ਵਿਚ ਲਿਆ ਜਾਵੇਗਾ । ਤੀਸਰੇ ਫੈਸਲੇ ਅਨੁਸਾਰ ਕੇਂਦਰ ਸਰਕਾਰ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦੀ ਸਿੰਘਾਂ ਦੀਆਂ ਰਿਹਾਈਆਂ ਦੀ ਪੁਰਜ਼ੋਰ ਮੰਗ ਕੀਤੀ ਹੈ। ਡਿਬਰੂਗੜ੍ਹ ਜੇਲ੍ਹ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਤੇ ਪਾਏਂ ਜਾ ਰਹੇ ਝੂਠੇ ਕੇਸਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ। ਉਹਨਾਂ ਕਿਹਾ ਇਹ ਸਭ ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਨੂੰ ਬਦਨਾਮ ਕਰਨ ਲਈ ਝੂਠਾਂ ਪ੍ਰੋਪਾਗੰਢਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਨੂੰ ਰਿਹਾਅ ਕਰਨ ਦਾ ਐਲਾਨ ਕਰੇ।

## ਕਿਸਾਨ ਸੰਘਰਸ਼ ਦੇ ਸਮਰਥਨ ’ਚ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਪਹੁੰਚੇ ਸ਼ੰਭੂ ਬਾਰਡਰ ’ਤੇ

## ਸਾਡੀਆਂ ਫ਼ਸਲਾਂ ਅਤੇ ਨਸਲਾਂ ਨੂੰ ਤਬਾਹ ਕਰ ਰਹੀ ਮੋਦੀ ਸਰਕਾਰ : ਰਣਜੀਤ ਸਿੰਘ ਦਮਦਮੀ ਟਕਸਾਲ



**ਅੰਮ੍ਰਿਤਸਰ, 19 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਅੰਗਦ ਸਿੰਘ ਖ਼ਾਲਸਾ ਅਤੇ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਬੀਤੇ ਕੱਲ੍ਹ ਪੰਜਾਬ-ਹਰਿਆਣਾ ਬਾਰਡਰ ਸ਼ੰਭੂ ਵਿਖੇ ਕਿਸਾਨੀ ਸੰਘਰਸ਼ ’ਚ ਪਹੁੰਚੇ। ਉਹਨਾਂ ਕਿਸਾਨ ਜਥੇਬੰਦੀਆਂ ਦਾ ਸਮਰਥਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਕਿਸਾਨਾਂ ਨੂੰ ਅੱਜ ਮੁੜ ਸੜਕਾਂ ’ਤੇ ਉਤਰ ਕੇ ਦਿੱਲੀ ਵੱਲ ਕੂਚ ਕਰਨਾ ਪਿਆ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਪਿਛਲੇ ਕਿਸਾਨ ਸੰਘਰਸ਼ ’ਚ ਜੋ ਵਾਅਦੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ, ਦਿੱਲੀ ਸਰਕਾਰ ਹਮੇਸ਼ਾਂ ਹੀ ਸਿੱਖਾਂ ਅਤੇ ਪੰਜਾਬੀਆਂ ਨਾਲ ਧੱਕੇਸ਼ਾਹੀ ਕਰਦੀ ਆਈ ਹੈ, ਸਰਕਾਰ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਧਕੇਲ ਦਿੱਤਾ ਅਤੇ ਕਿਸਾਨੀ ਨੂੰ ਬਰਬਾਦ ਕਰਨ ਉੱਤੇ ਤੁਲੀ ਹੋਈ ਹੈ, ਸਰਕਾਰ ਸਾਜ਼ਿਸ਼ ਤਹਿਤ ਸਾਡੀਆਂ ਫਸਲਾਂ ਅਤੇ ਨਸਲਾਂ ਨੂੰ ਤਬਾਹ ਕਰ ਰਹੀ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਕਿਸਾਨਾਂ ਦੇ ਉੱਤੇ ਗੋਲੀਆਂ ਵਰਾ ਰਹੀ ਹੈ, ਅੱਥਰੂ ਗੈਸ ਦੇ ਗੋਲੇ ਸੁੱਟ ਰਹੀ ਹੈ, ਲਾਠੀ ਚਾਰਜ ਕੀਤਾ ਜਾ ਰਿਹਾ ਹੈ ਜੋ ਸਰਕਾਰ ਦਾ ਨਾਦਰਸ਼ਾਹੀ, ਤਾਨਾਸ਼ਾਹੀ ਅਤੇ ਜੁਲਮੀ ਵਤੀਰਾ ਹੈ ਪਰ ਮੋਦੀ ਸਰਕਾਰ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਸਿੱਖਾਂ ਅਤੇ ਪੰਜਾਬੀਆਂ ਨੇ ਪਿਛਲੇ ਕਿਸਾਨੀ ਸੰਘਰਸ਼ ਵਿੱਚ ਵੀ ਮੋਦੀ ਨੂੰ ਝੁਕਾਇਆ ਸੀ ਅਤੇ ਸਿੱਖੀ ਜਜ਼ਬੇ ਨਾਲ ਜਿੱਤ ਪ੍ਰਾਪਤ ਕੀਤੀ ਸੀ। ਉਹਨਾਂ ਕਿਹਾ ਕਿ ਹੁਣ ਫਿਰ ਕਿਸਾਨ ਸੰਘਰਸ਼ ਦਿਨੋ-ਦਿਨ ਭਖ ਰਿਹਾ ਰਿਹਾ ਹੈ, ਡਟਵੀਂ ਹਮਾਇਤ ਮਿਲ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕ ਕੇ ਹਰਿਆਣਾ ਦੀ ਖੱਟੜ ਸਰਕਾਰ ਨੇ ਮੋਦੀ ਸਰਕਾਰ ਨੂੰ ਖੁਸ਼ ਕੀਤਾ ਹੈ ਜਿਸ ਤੋਂ ਖੱਟੜ ਦੀ ਸਿੱਖਾਂ, ਪੰਜਾਬੀਆਂ ਤੇ ਕਿਸਾਨ ਵਿਰੋਧੀ ਹੋਣ ਦੀ ਸੋਚ/ਨੀਤੀ ਜੱਗ ਜਾਹਰ ਹੋ ਚੁੱਕੀ ਹੈ। ਪਿਛਲੀ ਵਾਰ ਵੀ ਖੱਟੜ ਸਰਕਾਰ ਨੂੰ ਮੂੰਹ ਦੀ ਖਾਣੀ ਪਈ ਸੀ ਤੇ ਇਸ ਵਾਰ ਵੀ ਖੱਟੜ ਸਰਕਾਰ ਦਾ ਮੂੰਹ ਕਾਲਾ ਹੋਵੇਗਾ। ਉਹਨਾਂ ਕਿਹਾ ਕਿ ਹਰੇਕ ਸਿੱਖ ਅਤੇ ਪੰਜਾਬੀ ਨੂੰ ਕਿਸਾਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ, ਇਹ ਲੜਾਈ ਫਸਲਾਂ ਜਾਂ ਕਣਕਾਂ ਤੱਕ ਸੀਮਤ ਨਹੀਂ, ਕੌਮੀ ਯੋਧਾ ਦੀਪ ਸਿੱਧੂ ਕਹਿੰਦਾ ਹੁੰਦਾ ਸੀ ਕਿ ਇਹ ਲੜਾਈ ਸਾਡੀਆਂ ਨਸਲਾਂ ਨੂੰ ਬਚਾਉਣ ਅਤੇ ਅਣਖਾਂ ਦੀ ਹੈ, ਇਹ ਸਾਡੀ ਹੋਂਦ ਦੀ ਲੜਾਈ ਹੈ, ਪਛਾਣ ਦੀ ਲੜਾਈ ਹੈ, ਪੰਜਾਬ ਨੂੰ ਬਚਾਉਣ ਲਈ ਸੰਘਰਸ਼ ਹੈ।

### ਸੋਹਲ, ਜੰਮੂ ਵਿਖ਼ੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ

# ਸਮਾਗਮ ਵਿਖ਼ੇ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ

## "ਸਾਡੀ ਦਸਤਾਰ ਸਾਡਾ ਤਾਜ" ਅਤੇ "ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ" ਦੇ ਨਾਅਰਿਆਂ ਨਾਲ ਪ੍ਰਚਾਰ ਨੂੰ ਚਾਰ ਚੰਦ ਲਗਾਏ



















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸੋਹਲ, ਜੰਮੂ ਵਿਖ਼ੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਸਮਾਗਮ ਵਿਖ਼ੇ ਹਾਜ਼ਰੀ ਭਰੀ। ਸਿੱਖ ਨੌਜਵਾਨ ਸਭਾ ਜੰਮੂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀ ਅਖਨੂਰ ਜੰਮੂ ਵੱਲੋਂ ਸਿੱਖੀ ਪ੍ਰਚਾਰ ਦਾ ਇਹ ਬਹੁਤ ਸੋਹਣਾ ਉਪਰਾਲਾ ਕੀਤਾ ਗਿਆ, ਇਸ ਸਮੇ ਭਾਵੇਂ ਮੀਂਹ ਅਤੇ ਹਨੇਰੀ ਵਗਦੀ ਰਹੀ, ਸੰਗਤਾਂ ਅਡੋਲ ਖੜੀਆਂ ਰਹੀਆਂ ਅਤੇ ਸਿੱਖੀ ਪ੍ਰਚਾਰ ਵਿਚ ਮੌਜੂਦ ਰਹੀਆਂ, ਸੰਗਤਾਂ ਦੇ ਵਿਚ ਇੰਨਾ ਉਤਸ਼ਾਹ ਅਤੇ ਸਤਿਕਾਰ ਦੇਖ ਕੇ ਬੇਹੱਦ ਖੁਸ਼ੀ ਹੋਈ, ਸੋਹਲ ਦੀਆਂ ਸੰਗਤਾਂ ਨੇ ਦਾਸ ਅਤੇ ਫੈਡਰੇਸ਼ਨ ਦੀ ਟੀਮ ਨੂੰ ਭਰਪੂਰ ਮਾਣ ਬਖਸ਼ਿਆ, ਸੰਗਤਾਂ ਨੇ ਫੈਡਰੇਸ਼ਨ ਵੱਲੋਂ ਦਿੱਤੇ ਨਾਅਰੇ "ਸਾਡੀ ਦਸਤਾਰ ਸਾਡਾ ਤਾਜ" ਅਤੇ "ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ" ਦੇ ਨਾਲ ਪ੍ਰਚਾਰ ਨੂੰ ਚਾਰ ਚੰਦ ਲਗਾਏ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਸ ਉਪਰਾਲੇ ਦੇ ਲਈ ਸਮੂਹ ਸਿੱਖ ਨੌਜਵਾਨ ਸਭਾ, ਡਿਸਟ੍ਰਿਕਟ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਰਣਜੀਤ ਸਿੰਘ ਤੋੜਾ ਅਤੇ ਜੋਆਇੰਟ ਸਕੱਤਰ ਮਾਸਟਰ ਰਨਵੀਰ ਸਿੰਘ ਦਾ ਧੰਨਵਾਦ ਕਰਦੀ ਹੈ।

**- ਭਾਈ ਕੰਵਰ ਚੜ੍ਹਤ ਸਿੰਘ (ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ)**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸੋਹਲ, ਜੰਮੂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ**

# ਸਮਾਗਮ ਵਿਖੇ ਵੱਡੀ ਗਿਣਤੀ ’ਚ ਸੰਗਤਾਂ ਨੇ ਹਾਜ਼ਰੀ ਭਰੀ

## “ਸਾਡੀ ਦਸਤਾਰ ਸਾਡਾ ਤਾਜ” ਅਤੇ “ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ” ਦੇ ਨਾਅਰਿਆਂ ਨਾਲ ਪ੍ਰਚਾਰ ਨੂੰ ਚਾਰ ਚੰਦ ਲਗਾਏ














(ਹੋਰ ਤਸਵੀਰਾਂ ਅਗਲੇ ਪੰਨਿਆਂ ’ਤੇ)

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਦਮਦਮਾ ਸਾਹਿਬ ਘੋੜਿਆਂ ਦਾ ਮੇਲਾ ਜੌਬਨ 'ਤੇ

# ਸਾਬਕਾ ਵਿਧਾਇਕ ਸਿੱਧੂ ਨੇ ਕੀਤੀ ਸ਼ਮੂਲੀਅਤ, ਘੋੜ ਦੌੜਾਂ ਵੀ ਕਰਵਾਈਆਂ







ਤਲਵੰਡੀ ਸਾਬੋ, 19 ਫਰਵਰੀ (ਗੁਰਜੰਟ ਸਿੰਘ ਨਥੇਹਾ)- ਇਤਿਹਾਸਿਕ ਨਗਰ ਤਲਵੰਡੀ ਸਾਬੋ ਦੀ 'ਸ੍ਰੀ ਦਮਦਮਾ ਸਾਹਿਬ ਹੌਰਸ ਸੁਸਾਇਟੀ' ਵੱਲੋਂ ਕਰਵਾਇਆ ਜਾ ਰਿਹਾ ਤੀਜਾ ਸਾਲਾਨਾ ਘੋੜਿਆਂ ਦਾ ਮੇਲਾ ਆਪਣੇ ਪੂਰੇ ਜੋਬਨ 'ਤੇ ਪੁੱਜ ਚੁੱਕਾ ਹੈ। ਅੱਜ ਉਕਤ ਮੇਲੇ 'ਚ ਘੋੜਿਆਂ ਦੀਆਂ ਦੌੜਾਂ (ਸ਼ਪੱਟਾ) ਕਰਵਾਈਆਂ ਗਈਆਂ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਮੇਲੇ ਦੇ ਸਿਖਰਾਂ ਤੇ ਪੁੱਜਣ ਦੇ ਦਿਨਾਂ ਦੌਰਾਨ ਹੀ ਅੱਜ ਕਾਂਗਰਸ ਦੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਮੇਲੇ 'ਚ ਸ਼ਮੂਲੀਅਤ ਕਰਦਿਆਂ ਘੋੜਾ ਪਾਲਕਾਂ ਨਾਲ ਮੁਲਾਕਾਤ ਕਰਦਿਆਂ ਵੱਖ-ਵੱਖ ਨਸਲਾਂ ਦੇ ਘੋੜਿਆਂ ਬਾਰੇ ਜਾਣਕਾਰੀ ਹਾਸਲ ਕੀਤੀ।ਉਨਾਂ ਨੇ ਇਸ ਮੌਕੇ ਸ੍ਰੀ ਦਮਦਮਾ ਸਾਹਿਬ ਹੌਰਸ ਸੁਸਾਇਟੀ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰ ਉਨਾਂ ਨੇ ਅਜਿਹੇ ਆਯੋਜਨ ਲਈ ਵਧਾਈ ਦਿੰਦਿਆਂ ਉਮੀਦ ਪ੍ਰਗਟਾਈ ਕਿ ਆਉਣ ਵਾਲੇ ਸਮਿਆਂ 'ਚ ਇਹ ਮੇਲਾ ਦੇਸ਼ ਭਰ ਚ ਪ੍ਰਸਿੱਧੀ ਹਾਸਲ ਕਰੇਗਾ। ਮੇਲੇ 'ਚ ਕਾਂਗਰਸ ਦੇ ਸੂਬਾਈ ਆਗੂ ਬਲਵੀਰ ਸਿੰਘ ਸਿੱਧੂ ਨੇ ਵੀ ਸ਼ਮੂਲੀਅਤ ਕਰਦਿਆਂ ਘੋੜਾ ਪਾਲਕਾਂ ਦੀ ਹੌਂਸਲਾ ਅਫਜ਼ਾਈ ਕੀਤੀ।ਉੱਧਰ ਸ਼ਾਮ ਸਮੇਂ ਖੁੱਲੇ ਮੈਦਾਨ ਵਿੱਚ ਘੋੜਿਆਂ ਦੀਆਂ ਦੌੜਾਂ (ਸ਼ਪੱਟਾ) ਕਰਵਾਈਆਂ ਗਈਆਂ। ਸੁਸਾਇਟੀ ਮੈਂਬਰਾਂ ਤੋਂ ਮੁਹੱਈਆ ਹੋਈ ਜਾਣਕਾਰੀ ਮੁਤਾਬਿਕ ਘੋੜ ਦੌੜਾਂ ਦੇ ਐਲਾਨੇ ਗਿਆਰਾਂ ਨਤੀਜਿਆਂ 'ਚੋਂ ਭੈਣੀ ਅਰੋੜਾ ਦੇ ਜਗਪ੍ਰੀਤ ਧਾਲੀਵਾਲ ਦੀ ਲਾਲ ਘੋੜੀ ਚੈਂਪੀਅਨ ਬਣ ਉੱਭਰੀ ਅਤੇ ਉਸਨੇ ਪਹਿਲਾ ਇਨਾਮ ਹਾਸਲ ਕੀਤਾ। ਸੁਸਾਇਟੀ ਮੈਂਬਰਾਂ ਨੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ।ਇਸ ਮੌਕੇ ਸੁਸਾਇਟੀ ਦੇ ਬਾਬਾ ਜ਼ੋਰਾ ਸਿੰਘ, ਸੁਖਬੀਰ ਸਿੰਘ ਚੱਠਾ, ਦਰਸ਼ਨ ਸਿੰਘ, ਬਲਵਿੰਦਰ ਸਿੰਘ, ਲਖਵਿੰਦਰ ਸਿੰਘ ਲੱਕੀ, ਅਮਰੀਕ ਸਿੰਘ, ਜੈ ਸਿੰਘ, ਰਮਨਾ ਸਿੰਘ, ਗੋਸ਼ਾ ਸਿੰਘ, ਮੁੰਦਰੀ ਸਿੰਘ, ਕੁਲਦੀਪ ਸਿੰਘ ਚਹਿਲ, ਗੁਰਦੀਪ ਸਿੰਘ ਚਹਿਲ ਤੋਂ ਇਲਾਵਾ ਘੋੜ ਦੌੜਾਂ ਸਮੇਂ ਟਰੱਕ ਯੂਨੀਅਨ ਪ੍ਰਧਾਨ ਅਵਤਾਰ ਸਿੰਘ ਤਾਰ ਭਾਊ, ਸਨੀ ਢਿੱਲੋਂ ਰਾਮਾਂ, ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਮਲਕਾਣਾ, ਜੱਟਮਹਾਂ ਸਭਾ ਹਲਕਾ ਪ੍ਰਧਾਨ ਮਨਜੀਤ ਲਾਲੇਆਣਾ, ਮੇਜਰ ਸਿੰਘ ਮਾਨ ਇੰਟਕ ਆਗੂ, ਨੌਜਵਾਨ ਆਗੂ ਰਣਦੀਪ ਚੱਠਾ, ਸੀਨੀਅਰ 'ਆਪ' ਆਗੂ ਗੁਰਦੀਪ ਤੂਰ ਅਤੇ ਗਿਆਨ ਸਿੰਘ ਸੰਧੂ, ਕਾਂਗਰਸੀ ਆਗੂ ਦਰਸ਼ਨ ਗਿੱਲ, ਕ੍ਰਿਸ਼ਨ ਯਾਦਵ ਆਦਿ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

## ਕਿਸਾਨਾਂ ਦੀਆਂ ਫੋਕਲ ਮੰਗਾਂ ਨੂੰ ਮੋੜਨ ਅਤੇ ਘਟਾ ਕੇ 5 ਸਾਲਾਂ ਲਈ ਫਸਲੀ ਵਿਭਿੰਨਤਾ ਅਤੇ

# ਖਰੀਦ 'ਤੇ ਕੇਂਦਰੀ ਮੰਤਰੀਆਂ ਦੇ ਪ੍ਰਸਤਾਵ ਨਾ ਮੰਜੂਰ : ਸੰਯੁਕਤ ਕਿਸਾਨ ਮੋਰਚਾ

ਨਵੀਂ ਦਿੱਲੀ 19 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਐਸਕੇਐਮ ਨੇ ਚੰਡੀਗੜ੍ਹ ਵਿਖੇ ਕੇਂਦਰੀ ਮੰਤਰੀਆਂ ਵੱਲੋਂ 5 ਫਸਲਾਂ ਮੱਕੀ, ਕਪਾਹ, ਅਰਹਰ/ਤੂਰ, ਮਸੂਰ ਅਤੇ ਉੜਦ ਨੂੰ ਏ2+ਐਫਐਲ +50% ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਅਤੇ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨਾਲ ਪੰਜ ਸਾਲਾਂ ਦਾ ਇਕਰਾਰਨਾਮਾ ਕਰਨ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ । ਇਹ ਪ੍ਰਸਤਾਵ, ਐਸਕੇਐਮ ਦੇ ਮੱਦੇਨਜ਼ਰ, ਗਾਰੰਟੀਸ਼ੁਦਾ ਖਰੀਦ ਨਾਲ ਸਾਰੀਆਂ ਫਸਲਾਂ ਲਈ ਐਮਐਸਪੀ @ਸੀ2+50% ਦੀ ਮੰਗ ਨੂੰ ਮੋੜਨਾ ਅਤੇ ਪਤਲਾ ਕਰਨਾ ਹੈ ਜਿਸਦਾ ਵਾਅਦਾ 2014 ਦੀਆਂ ਆਮ ਚੋਣਾਂ ਵਿੱਚ ਭਾਜਪਾ ਦੇ ਮੈਨੀਫੈਸਟੋ ਵਿੱਚ ਕੀਤਾ ਗਿਆ ਸੀ ਅਤੇ ਅਸਲ ਵਿੱਚ ਐਮਐਸ ਦੀ ਪ੍ਰਧਾਨਗੀ ਵਾਲੇ ਰਾਸ਼ਟਰੀ ਕਿਸਾਨ ਕਮਿਸ਼ਨ ਦੁਆਰਾ ਸਿਫਾਰਸ਼ ਕੀਤੀ ਗਈ ਸੀ। ਐਸਕੇਐਮ ਨੇ ਘੋਸ਼ਣਾ ਕੀਤੀ ਕਿ ਗਾਰੰਟੀਸ਼ੁਦਾ ਖਰੀਦ ਵਾਲੀਆਂ ਸਾਰੀਆਂ ਫਸਲਾਂ ਲਈ ਐਮਐਸਪੀ @32+50% ਤੋਂ ਘੱਟ ਕੁਝ ਵੀ ਭਾਰਤ ਦੇ ਕਿਸਾਨਾਂ ਨੂੰ ਸਵੀਕਾਰ ਨਹੀਂ ਹੈ। ਜੇਕਰ ਮੋਦੀ ਸਰਕਾਰ ਭਾਜਪਾ ਨਾਲ ਕੀਤੇ ਵਾਅਦੇ ਨੂੰ ਲਾਗੂ ਨਹੀਂ ਕਰ ਸਕੀ ਤਾਂ ਪ੍ਰਧਾਨ ਮੰਤਰੀ ਇਮਾਨਦਾਰ ਹੋ ਕੇ ਲੋਕਾਂ ਨੂੰ ਇਹ ਦੱਸਣ ਅਤੇ ਮੰਤਰੀ ਇਹ ਸਪੱਸ਼ਟ ਕਰਨ ਲਈ ਤਿਆਰ ਨਹੀਂ ਹਨ ਕਿ ਕੀ ਉਨ੍ਹਾਂ ਵੱਲੋਂ ਪ੍ਰਸਤਾਵਿਤ ਐਮਐਸਪੀ ਏ2+ਐਫਐਲ +50% ਜਾਂ ਸੀ2+50% 'ਤੇ ਆਧਾਰਿਤ ਹੈ। ਚਾਰ ਵਾਰ ਚਰਚਾ ਹੋ ਚੁੱਕੀ ਹੈ ਪਰ ਚਰਚਾ ਵਿੱਚ ਕੋਈ ਪਾਰਦਰਸ਼ਤਾ ਨਹੀਂ ਹੈ। ਇਹ ਦਿੱਲੀ ਬਾਰਡਰ 'ਤੇ 2020-21 ਦੇ ਇਤਿਹਾਸਕ ਕਿਸਾਨ ਸੰਘਰਸ਼ ਦੌਰਾਨ ਐਸਕੇਐਮ ਦੁਆਰਾ ਸਥਾਪਤ ਜਮਹੂਰੀ ਸੱਭਿਆਚਾਰ ਦੇ ਵਿਰੁੱਧ ਹੈ। ਉਨ੍ਹਾਂ ਗੱਲਬਾਤ ਦੌਰਾਨ ਐੱਸ.ਕੇ.ਐੱਮ ਵੱਲੋਂ ਲੋਕਾਂ ਦੀ ਜਾਣਕਾਰੀ ਲਈ ਵਿਚਾਰ-ਵਟਾਂਦਰੇ ਦੇ ਹਰ ਨੁਕਤੇ ਅਤੇ ਕਿਸਾਨਾਂ ਦਾ ਪੱਖ ਰੱਖਿਆ ਗਿਆ।




ਐਸਕੇਐਮ ਨੇ ਕੇਂਦਰੀ ਮੰਤਰੀਆਂ ਨੂੰ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ ਕਿ ਮੋਦੀ ਸਰਕਾਰ ਕਰਜ਼ਾ ਮੁਆਫੀ, ਬਿਜਲੀ ਦਾ ਨਿੱਜੀਕਰਨ ਨਾ ਕਰਨ, ਵਿਆਪਕ ਜਨਤਕ ਖੇਤਰ ਦੀ ਫਸਲ ਬੀਮਾ ਯੋਜਨਾ, 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਨੂੰ 10000 ਰੁਪਏ ਮਾਸਿਕ ਪੈਨਸ਼ਨ, ਅਜੇ ਮਿਸ਼ਰਾ ਨੂੰ ਬਰਖਾਸਤ ਕਰਨ ਅਤੇ ਮੁਕੱਦਮਾ ਚਲਾਉਣ ਦੀਆਂ ਮੰਗਾਂ 'ਤੇ ਚੁੱਪ ਕਿਉਂ ਹੈ। ਕਿਸਾਨ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ, ਮੋਦੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਅਤੇ ਕਾਰਪੋਰੇਟ ਭ੍ਰਿਸ਼ਟਾਚਾਰ ਨੂੰ ਲੋਕਾਂ ਵਿੱਚ ਨੰਗਾ ਕਰਨ ਲਈ, ਪੰਜਾਬ ਦੀਆਂ ਸਰਹੱਦਾਂ 'ਤੇ ਅੰਦੋਲਨ ਕਰ ਰਹੇ ਕਿਸਾਨਾਂ 'ਤੇ ਵਹਿਸ਼ੀ ਜਬਰ ਨੂੰ ਖਤਮ ਕਰਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਨਾਸ਼ਾਹੀ ਮਾਨਸਿਕਤਾ ਦਾ ਵਿਰੋਧ ਕਰਨ ਦੀ ਮੰਗ ਨੂੰ ਲੈ ਕੇ ਐਸਕੇਐਮ ਨੇ ਪੂਰੇ ਭਾਰਤ ਵਿੱਚ ਭਾਜਪਾ ਅਤੇ ਐਨਡੀਏ ਦੇ ਸੰਸਦ ਮੈਂਬਰਾਂ ਦੇ ਹਲਕਿਆਂ ਵਿੱਚ ਸ਼ਾਂਤੀਪੂਰਨ ਪ੍ਰਦਰਸ਼ਨਾਂ/ਜਨਤਕ ਮੀਟਿੰਗਾਂ/ਟੌਰਚ ਲਾਈਟ ਜਲੂਸਾਂ ਦਾ ਆਯੋਜਨ ਕਰਨ ਦਾ ਸੱਦਾ ਦਿੱਤਾ ਹੈ।

ਐਸਕੇਐਮ ਨੇ ਸਰਹੱਦ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਅਤੇ ਹਰਿਆਣਾ ਦੇ ਅੰਦਰ ਕਿਸਾਨ ਕਾਰਕੁਨਾਂ 'ਤੇ ਬੇਰਹਿਮੀ ਨਾਲ ਹਮਲੇ ਕਰਨ ਲਈ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਰਾਜ ਸਰਕਾਰ ਦੀ ਸਖ਼ਤ ਨਿੰਦਾ ਕੀਤੀ। ਕਿਸਾਨਾਂ 'ਤੇ ਚਲਾਈਆਂ ਗਈਆਂ ਗੋਲੀਆਂ, ਬੇਰਹਿਮੀ ਨਾਲ ਲਾਠੀਚਾਰਜ ਅਤੇ ਪੈਲੇਟ ਫਾਇਰਿੰਗ 'ਚ ਤਿੰਨ ਕਿਸਾਨਾਂ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ। ਹਰਿਆਣਾ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੇ ਉਨ੍ਹਾਂ ਕਿਸਾਨਾਂ ਅਤੇ ਕਿਸਾਨ ਆਗੂਆਂ ਦੇ ਵਾਹਨਾਂ ਅਤੇ ਮੋਟਰਸਾਈਕਲਾਂ ਨੂੰ ਨੁਕਸਾਨ ਪਹੁੰਚਾਇਆ ਹੈ ਜੋ ਸਰਹੱਦ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਮਿਲਣ ਗਏ ਸਨ। 21, 22 ਫਰਵਰੀ ਨੂੰ ਐਸਕੇਐਮ ਅਤੇ ਜਨਰਲ ਬਾਡੀ ਦੀ ਮੀਟਿੰਗ ਸਥਿਤੀ ਦਾ ਜਾਇਜ਼ਾ ਲਵੇਗੀ ਅਤੇ ਸਾਰੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਭਵਿੱਖੀ ਕਾਰਵਾਈਆਂ ਦੀ ਯੋਜਨਾ ਬਣਾਈ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਫੀ- ਪਛਤਾਵਾ ਜਾਂ ਢਾਲ ?



ਜਦੋਂ ਕਈ ਸ਼ਖਸ ਆਪਣੀ ਕੀਤੀ ਗਲਤੀ ਦੀ ਮਾਫੀ ਮੰਗਦਾ ਹੈ ਤਾਂ ਇਹ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ ਜਾਂਦਾ ਹੈ ਕਿ ਉਸਨੂੰ ਆਪਣੀ ਗਲਤੀ ਦਾ ਪਛਤਾਵਾ ਹੈ। ਪਰ ਕਈ ਸ਼ਖਸ ਮਾਫੀ ਨੂੰ ਆਪਣੀ ਢਾਲ ਬਣਾ ਲੈਂਦੇ ਹਨ। ਉਹ ਮਾਫੀ ਨੁਮਾ ਢਾਲ ਨੂੰ ਬਾਖੂਬੀ ਵਰਤਦੇ ਹਨ। ਉਹ ਬਾਰ-ਬਾਰ ਗਲਤੀ ਕਰਦੇ ਹਨ, ਜਾਣ-ਬੁਝ ਕੇ ਕਰਦੇ ਹਨ, ਸੋਚ-ਸਮਝ ਕੇ ਕਰਦੇ ਹਨ।

ਉਨਾਂ ਨੂੰ ਪਤਾ ਹੁੰਦਾ ਹੈ ਕਿ ਹਰ ਗਲਤੀ ਤੋਂ ਬਾਦ ਫੜੇ ਜਾਣ 'ਤੇ ਉਨਾਂ ਮਾਫੀ ਕਿਵੇਂ ਮੰਗਣੀ ਹੈ ? ਹੱਥ ਜੋੜ ਕੇ ਮੰਗਣੀ ਹੈ, ਚਹਿਰੇ 'ਤੇ ਉਦਾਸੀ ਲਿਆ ਕੇ ਮੰਗਣੀ ਹੈ, ਅੱਖਾਂ ਝੁਕਾ ਕੇ ਮੰਗਣੀ ਹੈ, ਪੈਰਾਂ ਚ ਡਿੱਗ ਕੇ ਮੰਗਣੀ ਹੈ, ਜ਼ੁਬਾਨ 'ਤੇ ਮਿਠਾਸ ਲਿਆ ਕੇ ਮੰਗਣੀ ਹੈ, ਵਿਚਾਰੇ ਜਿਹੇ ਬਣਕੇ ਮੰਗਣੀ ਹੈ, ਧਰਤੀ 'ਤੇ ਲੇਟ ਕੇ ਮੰਗਣੀ ਹੈ, ਸਰਕਾਰੇ ਦਰਬਾਰੇ ਮੰਗਣੀ ਹੈ, ਹਲੀਮੀ ਨਾਲ ਮੰਗਣੀ ਹੈ, ਉੱਚੀ-ਉੱਚੀ ਰੌਲਾ ਪਾ ਕੇ ਮੰਗਣੀ ਹੈ।

ਪਰ ਮਾਫੀ ਕੋਈ ਢਾਲ ਨਹੀਂ ਇੱਕ ਪਛਤਾਵਾ ਹੈ। ਜੋ ਸਿਰਫ ਮਾਫੀ ਮੰਗਣ ਨਾਲ ਪੂਰਾ ਨਹੀਂ ਹੁੰਦਾ। ਬਲਕਿ ਖੁਦ ਨੂੰ ਸੁਧਾਰ ਕੇ, ਆਪਣੇ ਔਗੁਣਾਂ ਨੂੰ ਕੱਢ ਕੇ, ਜੋ ਨੁਕਸਾਨ ਹੋਇਆ ਉਸਦੀ ਭਰਪਾਈ ਕਰਕੇ ਹੀ ਪਛਤਾਵਾ ਪੂਰਾ ਹੁੰਦਾ ਹੈ।

ਪਰ ਜੋ ਸ਼ਖਸ ਮਾਫੀ ਨੁਮਾ ਢਾਲ ਥੰਮ ਕੇ ਵਿਚਰਦੇ ਹਨ, ਉਹ ਬਹੁਤ ਹੀ ਘਾਤਕ ਸਾਬਿਤ ਹੁੰਦੇ ਹਨ, ਕਿਉਂਕਿ ਉਨਾਂ ਦੀ ਬਿਰਤੀ ਹਰ ਵਕਤ ਨੁਕਸਾਨ ਪਹੁੰਚਾਉਣ ਉੱਪਰ ਹੁੰਦੀ ਹੈ। ਨੁਕਸਾਨ ਚਾਹੇ ਲਫਜ਼ਾਂ ਨਾਲ ਹੋਵੇ, ਸਿਧਾਂਤਕ ਹੋਵੇ, ਸਮਾਜਿਕ ਹੋਵੇ, ਰਾਜਨੀਤਿਕ ਹੋਵੇ, ਬੌਧਿਕ ਹੋਵੇ, ਧਾਰਮਿਕ ਹੋਵੇ, ਵਿਅਕਤੀਗਤ ਹੋਵੇ ਚਾਹੇ ਆਰਥਿਕ ਹੋਵੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਾਨੂੰ ਆਪਣੇ ਚਾਰ ਚੁਫੇਰੇ ਇਸ ਤਰਾਂ ਦੇ ਸ਼ਖਸ ਅੱਜ ਕੱਲ ਆਮ ਮਿਲ ਜਾਂਦੇ ਹਨ। ਘਰ ਵਿੱਚ ਮਿਲ ਜਾਂਦੇ ਹਨ, ਗੁਆਂਢ ਵਿੱਚ ਮਿਲ ਜਾਂਦੇ ਹਨ, ਰਿਸ਼ਤੇਦਾਰਾਂ ਵਿੱਚ ਮਿਲ ਜਾਂਦੇ ਹਨ, ਬਜ਼ਾਰ ਵਿੱਚ ਮਿਲ ਜਾਂਦੇ ਹਨ, ਸੱਜਣਤਾਈ ਵਿੱਚ ਮਿਲ ਜਾਂਦੇ ਹਨ ਜਾਂ ਸਮਾਜ ਵਿੱਚ ਵਿਚਰਦਿਆਂ ਮਿਲ ਜਾਂਦੇ ਹਨ।

ਮੇਰੇ ਵਿਚਾਰ ਹਨ ਕਿ ਮਾਫੀ ਸ਼ਬਦ ਜਿੰਦਗੀ ਵਿੱਚ ਹੋਣਾ ਹੀ ਨਹੀਂ ਚਾਹਿਦਾ। ਮਾਫੀ ਜੇਕਰ ਦਿਮਾਗ ਵਿੱਚ ਨਹੀਂ ਹੋਵੇਗੀ ਤਾਂ ਦਿਮਾਗ ਕੁਝ ਵੀ ਗਲਤ ਕਰਣ ਬਾਰੇ ਨਹੀਂ ਸੋਚੇਗਾ। ਜੇਕਰ ਕਦੇ ਗਲਤੀ ਹੋ ਜਾਵੇ ਤਾਂ ਮਾਫੀ ਮੰਗਣ ਨਾਲੋਂ ਆਪਣੀ ਗਲਤੀ ਮੰਨੋ ਅਤੇ ਆਪਣੀ ਗਲਤੀ ਨੂੰ ਸੁਧਾਰਣ ਦੀ ਕੋਸ਼ਿਸ਼ ਕਰੋ। ਜੋ ਨੁਕਸਾਨ ਤੁਹਾਡੇ ਕਰਕੇ ਹੋਇਆ ਹੈ ਉਸ ਦੀ ਭਰਪਾਈ ਕਰੋ ਅਤੇ ਦੁਬਾਰਾ ਗਲਤੀ ਨਾ ਕਰਣ ਦਾ ਪ੍ਰਣ ਕਰੋ।

ਮਾਫੀ ਸ਼ਬਦ ਆਪਣੀ ਜ਼ਿੰਦਗੀ ਵਿੱਚੋਂ ਕੱਢ ਦੋ। ਨਾ ਮਾਫੀ ਮੰਗੋ ਨਾ ਮਾਫੀ ਦਿਉ। ਕਿਉਂਕੀ ਜੋ ਸ਼ਖਸ ਬਾਰ-ਬਾਰ ਤੁਹਾਡੇ ਕੋਲੋਂ ਮਾਫੀ ਮੰਗਣ ਆ ਰਿਹਾ ਹੈ ਤਾਂ ਸਮਝ ਲਉ ਉਹ ਹੁਣ ਤੁਹਾਡੇ ਲਈ ਘਾਤਕ ਹੈ। ਤੁਹਾਡੀ ਇੱਕ ਚੁੱਪ ਉਸ ਸ਼ਖਸ ਲਈ ਭਾਂਬੜ ਦਾ ਕੰਮ ਕਰੇਗੀ ਅਤੇ ਆਪਣੀ ਈਨ ਮਨਾਉਣ ਲਈ ਤੁਹਾਡੇ ਉੱਪਰ ਘਾਤਕ ਹਮਲੇ ਸ਼ੁਰੂ ਕਰ ਦੇਵੇਗਾ। ਚਾਹੇ ਉਹ ਹਮਲੇ ਵਿਅਕਤੀਗਤ ਹੋਣ ਚਾਹੇ ਸਮਾਜਿਕ ਹੋਣ।

ਅੱਜ ਕੱਲ ਮਾਫੀ ਨੁਮਾ ਢਾਲ ਵਰਤਣ ਵਾਲੇ ਸ਼ਖਸ ਤੁਹਾਨੂੰ ਸਮਾਜਿਕ ਅਤੇ ਰਾਜਨੀਤਿਕ ਪੱਧਰ ਤੇ ਆਮ ਮਿਲ ਜਾਣਗੇ। ਮਾਫੀ ਸ਼ਬਦ ਖਤਰਨਾਕ ਹਥਿਆਰ ਸਾਬਿਤ ਹੋ ਰਿਹਾ ਹੈ। ਨਾ ਮਾਫੀ ਮੰਗੋ ਨਾ ਮਾਫੀ ਦਿਉ।

**-ਰਸ਼ਿਪੰਦਰ ਕੌਰ ਗਿੱਲ**
**ਐਕਟਰ, ਲੇਖਕ, ਐਂਕਰ, ਸੰਪਾਦਕ, ਸੰਸਥਾਪਕ, ਪ੍ਰਧਾਨ- ਪੀਂਘਾਂ ਸੋਚ ਦੀਆਂ ਸਾਹਿਤ ਮੰਚ,**
**ਪਬਲੀਕੇਸ਼ਨ, ਮੈਗਜ਼ੀਨ** +91-9888697078

# ਪਿੰਡ ਭੋਏਵਾਲ ਵਿਖੇ ਪਸੂਆ ਦੀਆ ਬਿਮਾਰੀ ਸਬੰਧੀ ਜਾਗਰੂਕਤਾ ਕੈਂਪ ਲਗਾਇਆ



ਚੌਂਕ ਮਹਿਤਾ, ਅੰਮ੍ਰਿਤਸਰ 19 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)--ਨਜਦੀਕੀ ਪਿੰਡ ਭੋਏਵਾਲ ਵਿਖੇ ਡਾਕਟਰ ਨਵਰਾਜ਼ ਸਿੰਘ ਬੱਲ ਦੇ ਦਿਸ਼ਾ ਨਿਰਦੇਸ਼ਾ ਹੇਠ ਪਸੂਆ ਦੀਆ ਬਿਮਾਰੀਆ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਪਸੂ ਪਾਲਕਾ ਨੇ ਹਿਸਾ ਲਿਆ। ਕੈਂਪ ਦੌਰਾਨ ਮਾਹਰ ਟੀਮ ਵੱਲੋਂ ਪਸੂ ਪਾਲਕਾ ਨੂੰ ਮੌਸ਼ਮ ਦੇ ਅਨੁਸਾਰ ਹੋਣ ਵਾਲੀਆ ਬਿਮਾਰੀਆ , ਰੋਕਥਾਮ ਵੈਕਸੀਨ, ਟੀਕਾਕਰਨ, ਅਤੇ ਨਸਲ ਸੁਧਾਰ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਪਸੂ ਪਾਲਕਾ ਨੂੰ ਪਸੂਆ ਲਈ ਦਵਾਈਆਂ ਵੀ ਮੁਫਤ ਦਿੱਤੀਆ ਗਈਆ। ਇਸ ਮੋਕੇ ਸੁਰਜੀਤ ਸਿੰਘ ਗਿੱਲ, ਹਰਪਾਲ ਸਿੰਘ, ਸੁਰਜੀਤ ਸਿੰਘ ਰੰਧਾਵਾ, ਹਰਜਿੰਦਰ ਸਿੰਘ, ਅਤੇ ਵੈਟਨਰੀ ਡਾ. ਪ੍ਰਭਲੀਨ ਸਿੰਘ, ਤਲਵਿੰਦਰ ਸਿੰਘ, ਆਰ ਵੀ.ਪੀ, ਅਤੇ ਲਾਲੀ ਮਸੀਹ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੈਬਨਿਟ ਮੰਤਰੀ ਈ.ਟੀ.ਓ. ਦੀ ਅਗਵਾਈ ਹੇਠ ਸਰਕਲ ਮਹਿਤਾ ਦਾ ਹੋਵੇਗਾ ਨਵੀਨੀਕਰਨ-ਚੇਅਰਮੈਨ ਰੰਧਾਵਾ



**ਚੌਂਕ ਮਹਿਤਾ, 19 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**- 'ਆਪ' ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਅੰਦਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਪਿੰਡਾਂ ਦੇ ਵਿਕਾਸ ਨੂੰ ਦਿੱਤੀ ਜਾ ਰਹੀ ਵਿਸ਼ੇਸ਼ ਤਰਜੀਹ ਦੀ ਸ਼ਲਾਘਾ ਕਰਦਿਆ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਤੇ ਐੱਨ.ਆਰ.ਆਈ. ਗੁਰਿੰਦਰ ਸਿੰਘ ਬੱਲ ਯੂ.ਕੇ. ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀ ਛੱਡੀ ਜਾ ਰਹੀ ।ਇਸ ਦੇ ਚੱਲਦਿਆਂ ਕੈਬਨਿਟ ਮੰਤਰੀ ਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਹਰਭਜਨ ਸਿੰਘ ਈ.ਟੀ.ਓ. ਵੱਲੋਂ ਵੀ ਆਪਣੇ ਹਲਕੇ ਦੇ ਵਿਕਾਸ ਲਈ ਰਿਕਾਰਡ ਤੋੜ ਕੰਮ ਕੀਤੇ ਜਾ ਰਹੇ ਹਨ ।ਉਨ੍ਹਾਂ ਨੇ ਆਪਣੇ ਹਲਕੇ ਦੇ ਹਰ ਪਿੰਡ ਨੂੰ ਪ੍ਰਮੁੱਖਤਾ ਨਾਲ ਲਿਆ ਹੈ ਤੇ ਹਰੇਕ ਪਿੰਡ 'ਚ ਬੁਨਿਆਦੀ ਸਹੂਲਤਾਂ ਦੀ ਪੂਰਤੀ ਲਈ ਲਗਾਤਾਰ ਗ੍ਰਾਂਟਾਂ ਵੰਡੀਆਂ ਜਾ ਰਹੀਆਂ ਹਨ ।ਇਸੇ ਸੋਚ ਨੂੰ ਲੈ ਕੇ ਉਨ੍ਹਾਂ ਵੱਲੋਂ ਬਹੁਤ ਜਲਦ ਸਰਕਲ ਮਹਿਤਾ ਦੇ ਵਿਕਾਸ ਨੂੰ ਲੈ ਕੇ ਵੱਡੇ ਐਲਾਨ ਕੀਤੇ ਜਾਣੇ ਹਨ ।ਇਹ ਇੱਕ ਤਰ੍ਹਾਂ ਦਾ ਸਰਕਲ ਦਾ ਨਵੀਨੀਕਰਨ ਹੀ ਹੋਵੇਗਾ, ਜੋ ਕਿ ਸਰਕਲ ਦੇ ਬਹੁਤ ਸਾਰੇ ਪਿੰਡਾਂ ਦੀ ਨੁਹਾਰ ਹੀ ਬਦਲ ਕੇ ਰੱਖ ਦੇਵੇਗਾ ।ਚੇਅਰਮੈਨ ਰੰਧਾਵਾ ਨੇ ਕਿਹਾ ਕਿ ਇਸ ਸਰਕਲ ਵਿਖੇ ਬਹੁਤ ਸਾਰੇ ਵਿਕਾਸ ਕਾਰਜਾਂ ਨੂੰ ਕੈਬਨਿਟ ਮੰਤਰੀ ਈ.ਟੀ.ਓ. ਵੱਲੋਂ ਹਰੀ ਝੰਡੀ ਦਿੱਤੀ ਜਾਵੇਗੀ, ਜਿੰਨ੍ਹਾਂ ਦੀ ਸਾਰੀ ਤਿਆਰੀ ਲਗਭੱਗ ਮੁਕੰਮਲ ਹੋ ਚੁੱਕੀ ਹੈ ਤੇ ਹੁਣ ਬੱਸ ਐਲਾਨ ਕਰਨਾ ਹੀ ਬਾਕੀ ਰਹਿ ਗਿਆ ਹੈ ।ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਨੇ ਹਲਕਾ ਵਿਧਾਇਕ ਹੋਣ ਦੇ ਨਾਤੇ ਸਰਕਲ ਮਹਿਤਾ ਦੇ ਲੋਕਾਂ ਨੂੰ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਆਉਣ ਵਾਲੇ ਕੁਝ ਕ ਦਿਨ੍ਹਾਂ 'ਚ ਬਾਖੂਬੀ ਪੂਰਾ ਕਰਨ ਜਾ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਜਨ ਸੁਣਵਾਈ ਕੈਂਪ ਲੋਕ ਸਮੱਸਿਆਵਾਂ ਦੇ ਸੁਖਾਲੇ ਤੇ ਸਮਾਂਬੱਧ ਹੱਲ ਲਈ

# ਪੰਜਾਬ ਸਰਕਾਰ ਦਾ ਲੋਕ ਪੱਖੀ ਉਪਰਾਲਾ - ਚੇਅਰਮੈਨ ਜਗਰੂਪ ਸਿੰਘ ਸੇਖਵਾਂ

**ਗੁਰਦਾਸਪੁਰ, ਸ਼੍ਰੀ ਹਰਗੋਬਿੰਦਪੁਰ ਸਾਹਿਬ ਜੀ 19 ਫਰਵਰੀ ਕੁਲਜੀਤ ਸਿੰਘ ਖੋਖਰ**- ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕ ਸਮੱਸਿਆਵਾਂ ਦੇ ਸੁਖਾਲੇ ਤੇ ਸਮਾਂਬੱਧ ਹੱਲ ਲਈ 'ਆਪ ਦੀ ਸਰਕਾਰ ਆਪ ਦੇ ਦੁਆਰ' ਵਰਗਾ ਲੋਕ-ਪੱਖੀ ਉਪਰਾਲਾ ਕੀਤਾ ਗਿਆ ਹੈ। ਇੰਨ੍ਹਾ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਅੱਜ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਸੋਹਲ, ਕਲਿਆਣਪੁਰ ਅਤੇ ਅਖਲਾਸ਼ਪੁਰ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪਾਂ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਹ ਪਹਿਲਕਦਮੀ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਨ ਵਿੱਚ ਸਹਾਈ ਸਿੱਧ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਕੈਂਪ ਲਾ ਕੇ ਲੋਕਾਂ ਨੂੰ ਸੇਵਾਵਾਂ ਦਾ ਲਾਭ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਦਰ ਤੱਕ ਪਹੁੰਚ ਕੀਤੀ ਜਾ ਰਹੀ ਹੈ ਜਿਸ ਨਾਲ ਲੋਕਾਂ ਦੇ ਸਮੇਂ ਦੀ ਬੱਚਤ ਹੋ ਰਹੀ ਹੈ। ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਮੌਕੇ 'ਤੇ ਮੌਜੂਦ ਲੋਕਾਂ ਨਾਲ ਗੱਲਬਾਤ ਕਰਦਿਆਂ ਕੈਂਪਾਂ ਸਬੰਧੀ ਉਨ੍ਹਾਂ ਦੀ ਪ੍ਰਤੀਕਿਰਿਆ ਵੀ ਹਾਸਲ ਕੀਤੀ। ਉਨ੍ਹਾਂ ਨੇ ਇਸ ਗੱਲ 'ਤੇ ਖ਼ੁਸ਼ੀ ਜ਼ਾਹਿਰ ਕੀਤੀ ਕਿ ਲੋਕਾਂ ਵੱਲੋਂ ਸਰਕਾਰ ਦੇ ਇਸ ਉਪਰਾਲੇ ਨੂੰ ਸਲਾਹੁਣ ਦੇ ਨਾਲ-ਨਾਲ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ।

ਚੇਅਰਮੈਨ ਸ. ਸੇਖਵਾਂ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਿਰਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫ਼ਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ, ਐੱਨ.ਆਰ. ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।



ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਪਿੰਡ ਸੋਹਲ, ਕਲਿਆਣਪੁਰ ਅਤੇ ਅਖਲਾਸ਼ਪੁਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਅਧਿਕਾਰੀਆਂ ਨੂੰ

# 'ਇਸ ਵਾਰ 70 ਪਾਰ' ਵੋਟ ਪ੍ਰਤੀਸ਼ਤ ਦਾ ਟੀਚਾ ਪੂਰਾ ਕਰਨ ਦੀਆਂ ਹਦਾਇਤਾਂ

**ਗੁਰਦਾਸਪੁਰ, ਸ਼੍ਰੀ ਹਰਗੋਬਿੰਦਪੁਰ ਸਾਹਿਬ ਜੀ 19 ਫਰਵਰੀ ਕੁਲਜੀਤ ਸਿੰਘ ਖੋਖਰ**-ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਸਿਬਿਨ ਸੀ. ਨੇ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਬਾਬਤ ਅੱਜ ਸੂਬੇ ਦੇ ਸਾਰੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰਾਂ ਅਤੇ ਜ਼ਿਲ੍ਹਾ ਸੋਸ਼ਲ ਮੀਡੀਆ ਨੋਡਲ ਅਫ਼ਸਰਾਂ ਨਾਲ ਇਕ ਅਹਿਮ ਮੀਟਿੰਗ ਕਰਕੇ 'ਇਸ ਵਾਰ 70 ਪਾਰ' ਵੋਟ ਪ੍ਰਤੀਸ਼ਤ ਦਾ ਟੀਚਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀ ਸਿਬਿਨ ਸੀ. ਨੇ ਕਿਹਾ ਕਿ ਚੋਣ ਅਮਲ ਵਿੱਚ ਸ਼ਾਮਿਲ ਸਾਰੇ ਅਧਿਕਾਰੀ 70 ਫ਼ੀਸਦੀ ਤੋਂ ਜ਼ਿਆਦਾ ਵੋਟਾਂ ਪਵਾਉਣ ਲਈ ਕੋਸ਼ਿਸ਼ਾਂ ਤੇਜ਼ ਕਰਨ। ਉਨ੍ਹਾਂ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਜਿਨ੍ਹਾਂ ਇਲਾਕਿਆਂ ਵਿਚ ਵੋਟ ਪ੍ਰਤੀਸ਼ਤ ਘੱਟ ਰਹੀ ਸੀ, ਉਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਕਰਕੇ ਉੱਥੇ ਵੋਟ ਪ੍ਰਤੀਸ਼ਤ ਵਧਾਉਣ ਲਈ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਟੀਚਾ ਪ੍ਰਾਪਤ ਕਰਨ ਲਈ ਚੋਣ ਕਮਿਸ਼ਨ ਵੱਲੋਂ ਭੇਜੀਆਂ ਪਬਲਿਸਿਟੀ ਮੋਬਾਈਲ ਵੈਨਾਂ, ਜਾਗਰੂਕ ਮੁਹਿੰਮਾਂ ਅਤੇ ਹੋਰ ਸਾਧਨਾਂ ਦੀ ਮਦਦ ਲਈ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ। ਲੋਕਾਂ ਨੂੰ ਵੱਧ ਤੋਂ ਵੱਧ ਵੋਟ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਮੁੱਖ ਚੋਣ ਅਫ਼ਸਰ ਸ੍ਰੀ ਸਿਬਿਨ ਸੀ. ਨੇ ਕਿਹਾ ਕਿ ਵੋਟਰ ਜਾਗਰੂਕਤਾ ਲਈ ਮੀਡੀਆ ਦੇ ਵੱਖ-ਵੱਖ ਮਾਧਿਅਮ ਤੋਂ ਇਲਾਵਾ ਸੋਸ਼ਲ ਮੀਡੀਆ ਪਲੇਟਫ਼ਾਰਮ ਦਾ ਵੀ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਸਮੇਤ ਹਰ ਉਮਰ ਵਰਗ ਅਤੇ ਲਿੰਗ ਦੇ ਵੋਟਰਾਂ ਨੂੰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਆ ਜਾਵੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੇ ਟਾਰਗੈਟ 'ਇਸ ਵਾਰ 70 ਪਾਰ' ਨੂੰ ਹਰ ਹੀਲੇ ਪੂਰਾ ਕਰਨ ਲਈ ਯਤਨ ਕੀਤੇ ਜਾਣ। ਇਸ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਸਵੀਪ ਤੇ ਸੋਸ਼ਲ ਮੀਡੀਆ ਦੇ ਨੋਡਲ ਅਫ਼ਸਰਾਂ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਦੀ ਸਮੀਖਿਆ ਵੀ ਕੀਤੀ।




ਆਵਾਜ਼ਿ ਕੌਮ AWAZE QAUM International Newspaper & WEB TV

ਅਨੁਰਾਗ ਠਾਕੁਰ ਨੂੰ ਚਿੱਠੀ ਲਿਖ ਕਾਰਵਾਈ ਦੀ ਕੀਤੀ ਮੰਗ

# ਸਿੱਖ ਕੌਮ ਵਿਰੁੱਧ ਸੋਸ਼ਲ ਮੀਡੀਆ ਖਾਤਿਆਂ ਰਾਹੀਂ ਨਫ਼ਰਤ ਭਰੇ ਭਾਸ਼ਣ ਅਤੇ ਫਿਰਕੂ ਮਤਭੇਦ ਫੈਲਾਉਣ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ: ਸਾਹਨੀ

ਨਵੀਂ ਦਿੱਲੀ 19 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕਈ ਸੋਸ਼ਲ ਮੀਡੀਆ ਖਾਤਿਆਂ 'ਤੇ ਸਿੱਖ ਕੌਮ ਵਿਰੁੱਧ ਨਫ਼ਰਤ ਭਰੇ ਭਾਸ਼ਣ ਅਤੇ ਫਿਰਕੂ ਮਤਭੇਦ ਫੈਲਾਉਣ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਸਾਹਨੀ ਨੇ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਆਈਟੀ ਨਿਯਮ 2021 ਦੇ ਤਹਿਤ ਐਮਰਜੈਂਸੀ ਪਾਵਰ ਦੀ ਵਰਤੋਂ ਕਰਦੇ ਹੋਏ ਅਜਿਹੇ ਖਾਤਿਆਂ ਨੂੰ ਤੁਰੰਤ ਬਲੌਕ ਕੀਤਾ ਜਾਣਾ ਚਾਹੀਦਾ ਹੈ ਅਤੇ ਦੋਸ਼ੀਆਂ ਵਿਰੁੱਧ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਭਾਈਚਾਰੇ ਨੂੰ ਕੋਈ ਜਾਣਕਾਰੀ ਨਾ ਦਿੱਤੀ ਜਾਵੇ। ਕੋਈ ਵੀ ਅਪਮਾਨਜਨਕ ਟਿੱਪਣੀ ਲਿਖਣ ਤੋਂ ਪਹਿਲਾਂ ਹਰ ਕਿਸੇ ਲਈ ਸੋਚਣ ਦਾ ਸਬਕ ਹੋਣਾ ਚਾਹੀਦਾ ਹੈ। ਸ੍ਰੀ ਸਾਹਨੀ ਨੇ ਨਫ਼ਰਤ ਭਰੀਆਂ ਟਿੱਪਣੀਆਂ ਵਾਲੀਆਂ ਵੱਖ-ਵੱਖ ਸੋਸ਼ਲ ਮੀਡੀਆ ਪੋਸਟਾਂ ਦੇ ਸਕਰੀਨ ਸ਼ਾਟ ਦਾ ਇੱਕ ਡੋਜ਼ੀਅਰ ਨੱਥੀ ਕੀਤਾ, ਜਿਸ ਵਿੱਚ ਲਿਖਿਆ ਸੀ, "ਦੇਖੋ ਖਾਲਿਸਤਾਨੀ ਅੱਤਵਾਦੀ ਕਿਵੇਂ ਤਬਾਹੀ ਮਚਾਉਂਦੇ ਹਨ÷, "ਇੱਕ ਅਜਿਹੀ ਸਥਿਤੀ ਵਿੱਚ ਜਿੱਥੇ ਸਿੱਖਾਂ ਦਾ ਮਹੱਤਵਪੂਰਨ ਹਿੱਸਾ ਘਾਤਕ ਅੱਤਵਾਦੀ ਖਾਲਿਸਤਾਨੀ ਬਣ ਗਿਆ ਹੈ ...। "ਇਹ ਲੋਕ ਲਗਾਤਾਰ ਰਾਸ਼ਟਰ ਵਿਰੋਧੀ ਪੈਂਤੜਾ ਅਪਨਾ ਰਹੇ ਹਨ..." "ਇੱਕ ਵਾਰ ਫਿਰ 1984 ਦਾ ਸਮਾਂ ਆ ਗਿਆ ਹੈ÷, "ਹਰਿਮੰਦਰ - ਮੂਰਤੀਆਂ ਨੂੰ ਢਾਹ ਕੇ ਗੁਰਦੁਆਰੇ ਵਿੱਚ ਤਬਦੀਲ ਕਰ ਦਿੱਤਾ ਗਿਆ, ਆਓ ਹਰਮੰਦਿਰ ਲਈ ਪਟੀਸ਼ਨ ਦਾਇਰ ਕਰੀਏ÷। ... "ਹੁਣ ਭਾਰਤ ਦੇ ਹਰ ਸ਼ਹਿਰ ਵਿੱਚ 1984 ਦੀ ਸਿੱਖ ਨਸਲਕੁਸ਼ੀ ਵਾਂਗ ਸਲੂਕ ਕੀਤਾ ਜਾਣਾ ਚਾਹੀਦਾ ਹੈ" ਅਤੇ "ਸਿੱਖ ਗੁਰੂਆਂ ਨੂੰ ਮੁਸਲਮਾਨ ਬਾਦਸ਼ਾਹਾਂ ਨੇ ਸਹੀ ਢੰਗ ਨਾਲ ਸ਼ਹੀਦ ਕੀਤਾ ਸੀ...÷ ਸ੍ਰੀ ਸਾਹਨੀ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਟਿੱਪਣੀਆਂ ਬਹੁਤ ਹੀ ਅਪਮਾਨਜਨਕ ਹਨ ਅਤੇ ਸਾਡੇ ਦੇਸ਼ ਵਿੱਚ ਫਿਰਕੂ ਤਣਾਅ ਫੈਲਾ ਰਹੀਆਂ ਹਨ, ਜਿਸ ਨੂੰ ਸਾਰੇ ਧਰਮਾਂ ਅਤੇ ਭਾਈਚਾਰਿਆਂ ਦੀ ਸ਼ਾਂਤੀਪੂਰਨ ਸਹਿ-ਹੋਂਦ ਲਈ ਪੂਰੀ ਤਰ੍ਹਾਂ ਖਤਮ ਕੀਤਾ ਜਾਣਾ ਚਾਹੀਦਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਰੇਲਵੇ ਸਟੇਸ਼ਨ 'ਤੇ ਡਿਜੀਟਲ ਇਨਫਰਮੇਸ਼ਨ ਸੈਂਟਰ ਸੰਗਤਾਂ ਦੀ ਸੇਵਾ ਵਿੱਚ ਹਮੇਸ਼ਾਂ ਤੱਤਪਰ- ਡਾ. ਵਿਜੇ ਸਤਬੀਰ ਸਿੰਘ






ਚੌਕ ਮਹਿਤਾ 19 ਫ਼ਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )ਤਖ਼ਤ ਸੱਚਖੰਡ ਸਾਹਿਬ ਪਰੀਸਰ ਵਿਖੇ ਮੀਡੀਆ ਸੈਂਟਰ ਅਤੇ ਰੇਲਵੇ ਸਟੇਸ਼ਨ 'ਤੇ ਡਿਜੀਟਲ ਇਨਫਰਮੇਸ਼ਨ ਸੈਂਟਰ ਦਾ ਉਦਘਾਟਨ ਕੀਤਾ ਗਿਆ ਮੀਡੀਆ ਸੈਂਟਰ ਦਾ ਉਦਘਾਟਨ ਸੱਚਖੰਡ ਪਰੀਸਰ ਵਿਖੇ ਮਾਨਯੋਗ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ ਜੀ, ਸਮੂਹ ਪੰਜ ਪਿਆਰੇ ਸਾਹਿਬਾਨ ਤੇ ਡਾ. ਵਿਜੇ ਸਤਬੀਰ ਸਿੰਘ ਜੀ ਮੁੱਖ ਪ੍ਰਬੰਧਕ ਗੁਰਦੁਆਰਾ ਬੋਰਡ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਜਾਣਕਾਰੀ ਦਿੰਦਿਆ ਸ੍ਰ ਠਾਨ ਸਿੰਘ ਬੁੰਗਈ ਸੁਪਰਡੈਂਟ ਸੱਚਖੰਡ ਬੋਰਡ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਨਵੇਂ ਵਧੀਆ ਕਿਸਮ ਦੇ ਕੈਮਰੇ ਤੇ ਹੋਰ ਆਧੁਨਿਕ ਤਕਨੀਕੀ ਉਪਕਰਣ ਲਗਾਏ ਗਏ ਹਨ, ਜਿਸ ਦੇ ਰਾਹੀਂ ਤਖ਼ਤ ਸੱਚਖੰਡ ਸਾਹਿਬ ਦੇ ਗੁਰਬਾਣੀ ਪ੍ਰਚਾਰ, ਹੋਰ ਚਲ ਰਹੇ ਪ੍ਰੋਗਰਾਮਾਂ ਅਤੇ ਵਿਕਾਸ ਕੰਮਾਂ ਦੀ ਜਾਣਕਾਰੀ ਫੇਸਬੁੱਕ, ਯੂਟਿਊਬ, ਇੰਸਟਾਗ੍ਰਾਮ, ਟਵੀਟਰ ਆਦਿ ਚੈਨਲਾਂ ਤੋਂ ਪ੍ਰਸਾਰਣ ਅਹਿਲੇ ਦਰਜੇ ਦੇ ਹੋਣਗੇ ਗੁਰਦੁਆਰਾ ਬੋਰਡ ਵਲੋਂ ਰੇਲਵੇ ਸਟੇਸ਼ਨ 'ਤੇ ਇਨਫਰਮੇਸ਼ਨ ਸੈਂਟਰ ਜਿਸ ਦਾ ਨਵੀਨੀਕਰਨ ਕਰਕੇ ਡਿਜੀਟਲ ਬਣਾ ਦਿਤਾ ਗਿਆ ਹੈ, ਡਾ. ਵਿਜੇ ਸਤਬੀਰ ਸਿੰਘ ਜੀ ਮੁੱਖ ਪ੍ਰਬੰਧਕ ਵਲੋਂ ਉਦਘਾਟਨ ਕੀਤਾ ਗਿਆ ਇਸ ਡਿਜੀਟਲ ਇਨਫਰਮੇਸ਼ਨ ਸੈਂਟਰ ਵਿੱਚ ਵਧੀਆ ਸੋਫੇ ਲਗਾਕੇ ਯਾਤਰੂਆਂ ਦੇ ਬੈਠਣ ਦੀ ਉਚਿਤ ਸਾਫ ਸੁਥਰੀ ਸੁਵਿਧਾ ਦਾ ਪ੍ਰਬੰਧ ਕੀਤਾ ਗਿਆ ਹੈ ਡਾ. ਵਿਜੇ ਸਤਬੀਰ ਸਿੰਘ ਜੀ ਨੇ ਦਸਿਆ ਰੇਲਵੇ ਟਿਕਟਾਂ ਦੀ ਬੁਕਿੰਗ ਸੰਬੰਧੀ ਫਾਰਮ ਭਰਨ, ਤਖ਼ਤ ਸਾਹਿਬ ਦਰਸ਼ਨਾਂ ਲਈ ਸਰਾਵਾਂ ਤੱਕ ਜਾਣ ਆਉਣ ਲਈ ਕੋਈ ਦਿਕਤ ਪੇਸ਼ ਨਾ ਆਵੇ, ਇਸ ਲਈ 24 ਘੰਟੇ ਸਟਾਫ ਸੰਗਤਾਂ ਲਈ ਹਾਜ਼ਰ ਰਹੇਗਾ ਉਨ੍ਹਾਂ ਹੋਰ ਦੱਸਿਆ ਕਿ ਕਈ ਵਾਰ ਯਾਤਰੂ ਪ੍ਰਸ਼ਾਦਿ ਲੈਣਾ ਜਾਂ ਸਿਰੋਪਾਓ ਲੈਣਾ ਭੁੱਲ ਜਾਂਦੇ ਹਨ, ਪਰ ਹੁਣ ਰੇਲਵੇ ਸਟੇਸ਼ਨ ਡਿਜੀਟਲ ਇਨਫਰਮੇਸ਼ਨ ਸੈਂਟਰ ਤੋਂ ਪ੍ਰਚੀ ਕਟਾ ਕੇ ਪ੍ਰਾਪਤ ਕਰ ਸਕਣਗੇ ਦਰਸ਼ਨ ਕਰਕੇ ਜਾਣ ਵਾਲੇ ਯਾਤਰੂਆਂ ਲਈ ਰੇਲਵੇ ਸਟੇਸ਼ਨ ਤੇ ਟਰੇਨ ਵਿੱਚ ਲੰਗਰ ਪ੍ਰਸ਼ਾਦੇ ਦਾ ਪ੍ਰਬੰਧ ਗੁਰਦੁਆਰਾ ਬੋਰਡ ਵਲੋਂ ਕੀਤਾ ਜਾਂਦਾ ਹੈ ਡਾ. ਵਿਜੇ ਸਤਬੀਰ ਸਿੰਘ ਜੀ ਨੇ ਦਸਿਆ ਕਿ ਸੰਗਤਾਂ ਸ੍ਰੀ ਹਜ਼ੂਰ ਸਾਹਿਬ ਦਰਸ਼ਨਾਂ ਲਈ ਆਉਣ ਤੋਂ ਪਹਿਲਾਂ ਆਪਣੀ ਰਿਹਾਇਸ਼ ਦੇ ਪ੍ਰਬੰਧ ਬਾਰੇ, ਅਖੰਡ ਪਾਠ ਦੀ ਬੁਕਿੰਗ ਅਤੇ ਵੱਖ ਵੱਖ ਭੇਟਾਵਾਂ ਬਾਰੇ ਜਾਣਕਾਰੀ ਕਾਲ ਸੈਂਟਰ ਨੰਬਰ ਤੋਂ ਪ੍ਰਾਪਤ ਕਰ ਸਕਦੀਆਂ ਹਨ ਇਹ ਕਾਲ ਸੈਂਟਰ 24 ਘੰਟੇ ਖੁਲ੍ਹਾ ਰਹਿੰਦਾ ਹੈ। ਇਸ ਮੌਕੇ ਸ੍ਰ: ਜਸਵੰਤ ਸਿੰਘ ਬੋਬੀ ਦਿੱਲੀ, ਸ੍ਰ: ਅਮਰਪ੍ਰੀਤ ਸਿੰਘ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸਵੀਪ ਜਾਗਰੂਕਤਾ ਵੈਨ ਵੱਲੋਂ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਕੀਤਾ ਜਾ ਰਿਹਾ ਜਾਗਰੂਕ

**ਗੁਰਦਾਸਪੁਰ, ਸ਼੍ਰੀ ਹਰਗੋਬਿੰਦਪੁਰ ਸਾਹਿਬ ਜੀ 19 ਫਰਵਰੀ ਕੁਲਜੀਤ ਸਿੰਘ ਖੋਖਰ**-ਮੁੱਖ ਚੋਣ ਅਧਿਕਾਰੀ ਪੰਜਾਬ ਵੱਲੋਂ ਭੇਜੀ ਗਈ ਵੋਟਰ ਜਾਗਰੂਕਤਾ ਵੈਨ ਰਾਹੀਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪੋਲਿੰਗ ਸਟੇਸ਼ਨ ਉਪਰ ਜਾ ਕੇ ਵੋਟਰਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਸਵੀਪ ਟੀਮ ਵੱਲੋਂ ਚਲਾਈ ਜਾ ਰਹੀ ਇਸ ਜਾਗਰੂਕਤਾ ਵੈਨ ਨੂੰ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਸਮੇਤ ਹਰ ਉਮਰ ਵਰਗ ਦੇ ਵੋਟਰ ਸਵੀਪ ਗਤੀਵਿਧੀਆਂ ਵਿੱਚ ਭਾਗ ਲੈ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਕਮ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਗੁਰਦਾਸਪੁਰ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਬਣਾਏ ਰੂਟ ਪਲੈਨ ਅਨੁਸਾਰ ਸਵੀਪ ਵੈਨ ਵੱਲੋਂ ਵੱਖ-ਵੱਖ ਬੂਥਾਂ ਤੇ ਜਾ ਕੇ ਵੀਡੀਓ ਦੁਆਰਾ ਈ.ਵੀ.ਐਮ. ਮਸ਼ੀਨਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸਵੀਪ ਤਹਿਤ ਵੋਟਰ ਜਾਗਰੂਕਤਾ ਵੈਨ ਵੱਲੋਂ ਗੁਰਦਾਸਪੁਰ, ਦੀਨਾਨਗਰ , ਕਾਦੀਆਂ ਤੇ ਬਟਾਲਾ ਹਲਕੇ ਦੇ ਵੱਖ-ਵੱਖ ਬੂਥ ਕਵਰ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਵੋਟਰ ਜਾਗਰੂਕਤਾ ਵੈਨ 27 ਫਰਵਰੀ ਤੱਕ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪੋਲਿੰਗ ਬੂਥ ਦਾ ਵਿਜ਼ਟ ਕਰੇਗੀ। ਉਨ੍ਹਾਂ ਜਾਣਕਾਰੀ ਦਿੱਤੀ ਕਿ ਸਵੀਪ ਮੈਂਬਰਾਂ ਵੱਲੋਂ ਸਲੱਮ ਏਰੀਆ ਦੇ ਵੋਟਰਾਂ ਤੇ ਤੀਜਾ ਲਿੰਗ ਦੇ ਵੋਟਰਾਂ ਨੂੰ ਜ਼ਮੀਨੀ ਪੱਧਰ ਤੇ ਜਾ ਕੇ ਨਵੀਆਂ ਵੋਟਾਂ ਬਣਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸਹਾਇਕ ਨੋਡਲ ਅਫ਼ਸਰ ਸਵੀਪ ਕਮ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਲਖਵਿੰਦਰ ਸਿੰਘ, ਸਵੀਪ ਮੈਂਬਰ ਗੁਰਮੀਤ ਸਿੰਘ ਭੋਮਾ, ਗਗਨਦੀਪ ਸਿੰਘ, ਲਖਬੀਰ ਸਿੰਘ ਆਦਿ ਹਾਜ਼ਰ ਸਨ।



**ਗੁਰੂ ਕਾਸ਼ੀ ਯੂਨੀਵਰਸਿਟੀ "ਪੈਨਸਿਕ ਸੀਲਾਟ ਆਲ ਇੰਡੀਆ ਇੰਟਰ-ਯੂਨੀਵਰਸਿਟੀ 2023-24" ਦੀ ਬਣੀ ਸੈਕਿੰਡ ਰਨਰ-ਅਪ ਚੈਂਪੀਅਨ**

# ਨੇਹਾ ਨੇ ਸੋਨ ਅਤੇ ਰਵੀ ਨੇ ਜਿੱਤਿਆ ਚਾਂਦੀ ਦਾ ਤਮਗਾ




**ਤਲਵੰਡੀ ਸਾਬੋ, 19 ਫਰਵਰੀ (ਗੁਰਜੰਟ ਸਿੰਘ ਨਥੇਹਾ)-** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਸਮਾਪਤ ਹੋਈ ਪੈਨਸਿਕ ਸੀਲਾਟ ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ 2023-24 (ਲੜਕੇ-ਲੜਕੀਆਂ) ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖਿਡਾਰੀ ਅਤੇ ਖਿਡਾਰਨਾਂ ਨੇ ਆਪਣੇ ਹੁਨਰ ਦਾ ਲੋਹਾ ਮਨਵਾਇਆ ਤੇ ਸੈਕਿੰਡ ਰਨਰ ਅੱਪ ਚੈਂਪੀਅਨ ਦਾ ਖਿਤਾਬ ਜਿੱਤਿਆ। ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਅਤੇ ਮੈਨੇਜ਼ਿੰਗ ਡਾਇਰੈਕਟਰ ਸ. ਸੁਖਰਾਜ ਸਿੰਘ ਸਿੱਧੂ ਨੇ ਖਿਡਾਰੀਆਂ ਦੀ ਇਸ ਪ੍ਰਾਪਤੀ ਦਾ ਸਿਹਰਾ ਉਪ ਕੁਲਪਤੀ ਦੀ ਯੋਗ ਅਗਵਾਈ, ਖਿਡਾਰੀਆਂ ਦੀ ਮਿਹਨਤ, ਸਮਰਪਣ, ਸਖ਼ਤ ਅਭਿਆਸ, ਪਾਏਦਾਰ ਕੌਚਿੰਗ ਅਤੇ ਫੈਕਲਟੀ ਮੈਂਬਰਾਂ ਦੇ ਸਿਰ ਬੰਨ੍ਹਿਆ। ਉਨ੍ਹਾਂ ਕਿਹਾ ਕਿ ਵਰਸਿਟੀ ਵੱਲੋਂ ਖਿਡਾਰੀਆਂ ਨੂੰ ਉਚ ਕੋਟੀ ਦੀਆਂ ਖੇਡ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤੇ ਤਮਗੇ ਜਿੱਤਣ ਵਾਲੇ ਖਿਡਾਰੀਆਂ ਨੂੰ ਵਜ਼ੀਫਿਆਂ ਦੇ ਨਾਲ ਸਨਮਾਨਿਤ ਵੀ ਕੀਤਾ ਜਾ ਰਿਹਾ ਹੈ।ਇਸ ਮੌਕੇ ਖਿਡਾਰੀਆਂ ਨੂੰ ਆਪਣੇ ਵਧਾਈ ਸੰਦੇਸ਼ ਵਿੱਚ ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਨੇ ਕਿਹਾ ਕਿ ਜੀ.ਕੇ.ਯੂ ਦੇ ਖਿਡਾਰੀ ਹੁਣ ਹਰ ਖੇਤਰ ਵਿੱਚ ਮੋਹਰੀ ਬਣ ਰਹੇ ਹਨ। ਤਲਵਾਰਬਾਜ਼ੀ, ਵੂਸ਼ੂ, ਪੈਨਸਿਕ ਸੀਲਾਟ ਵਰਗੀਆਂ ਅਣਗੌਲੀਆਂ ਖੇਡਾਂ ਜਿਸ ਤੋਂ ਕਿਸੇ ਸਮੇਂ ਇਸ ਇਲਾਕੇ ਦੇ ਖਿਡਾਰੀ ਅਣਜਾਣ ਸਨ ਹੁਣ ਉਨ੍ਹਾਂ ਖੇਡਾਂ ਵਿੱਚ ਵਰਸਿਟੀ ਦੇ ਖਿਡਾਰੀਆਂ ਨੇ ਤਮਗੇ ਹਾਸਿਲ ਕਰਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਵਰਸਿਟੀ ਦੀ ਇਸ ਸ਼ਾਨਾਮੱਤੀ ਪ੍ਰਾਪਤੀ 'ਤੇ ਡਾਇਰੈਕਟਰ ਸਪੋਰਟਸ, ਕੋਚ, ਸਮੂਹ ਅਧਿਕਾਰੀਆਂ, ਸਟਾਫ ਅਤੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਜੱਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਇਸ ਚੈਂਪੀਅਨਸ਼ਿਪ ਦੇ ਨਤੀਜੇ ਸਾਂਝੇ ਕਰਦੇ ਹੋਏ ਡਾਇਰੈਕਟਰ ਸਪੋਰਟਸ ਡਾ. ਬਲਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਵਰਸਿਟੀ ਦੀ ਖਿਡਾਰਨ ਨੇਹਾ ਨੇ 70 ਕਿਲੋ ਵਰਗ ਵਿੱਚ ਅੰਜਲੀ ਨੂੰ ਹਰਾ ਕੇ ਸੋਨ, ਰਵੀ ਨੇ 85 ਕਿਲੋ ਵਰਗ ਵਿੱਚ ਚਾਂਦੀ ਅਤੇ ਰੋਸ਼ਨੀ ਨੇ 48 ਕਿਲੋ ਵਰਗ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਜੀ.ਕੇ.ਯੂ. ਦੀ ਸੈਕਿੰਡ ਰਨਰ ਅੱਪ ਚੈਂਪੀਅਨਸ਼ਿਪ ਵਿੱਚ ਆਪਣਾ ਯੋਗਦਾਨ ਪਾਇਆ ਹੈ। ਉਨ੍ਹਾਂ ਦੱਸਿਆ ਕਿ ਗੁਹਾਟੀ, ਅਸਾਮ ਵਿਖੇ ਚੱਲ ਰਹੀਆਂ ਖੇਲੋ ਇੰਡੀਆ ਖੇਡਾਂ ਵਿੱਚ ਜਲਦੀ ਹੀ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖਿਡਾਰੀ ਤਮਗੇ ਜਿੱਤ ਕੇ ਮਾਣਮੱਤੀਆਂ ਪ੍ਰਾਪਤੀਆਂ ਹਾਸਿਲ ਕਰਨਗੇ। ਉਨ੍ਹਾਂ ਖੇਲੋ ਇੰਡੀਆ ਲਈ ਖਿਡਾਰੀਆਂ ਨੂੰ ਸ਼ੁੱਭ ਕਾਮਨਾਵਾਂ ਭੇਂਟ ਕਰਦੇ ਹੋਏ ਖੇਡ ਭਾਵਨਾ ਨਾਲ ਅਨੁਸ਼ਾਸਨ ਵਿੱਚ ਰਹਿ ਕੇ ਖੇਡਣ ਦੀ ਪ੍ਰੇਰਣਾ ਦਿੱਤੀ।

**ਮੀਟਿੰਗ ਬੇਸਿੱਟਾ ਰਹੀ ਤਾਂ 10 ਮਾਰਚ ਨੂੰ ਮੁੱਖ ਮੰਤਰੀ ਦੀ**

# ਸੰਗਰੂਰ ਰਿਹਾਇਸ਼ ਦਾ ਕੀਤਾ ਜਾਵੇਗਾ ਘਿਰਾਓ- ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ

ਤਲਵੰਡੀ ਸਾਬੋ, 19 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਵੱਲੋਂ ਪਿਛਲੇ ਸਮੇਂ ਤੋਂ 17 ਜੁਲਾਈ 2020 ਦਾ ਨੋਟੀਫਿਕੇਸ਼ਨ ਰੱਦ ਕਰਕੇ ਸਮੂਹ ਮੁਲਾਜ਼ਮਾਂ ਤੇ ਪੰਜਾਬ ਦਾ ਪੇਅ ਸਕੇਲ ਬਹਾਲ ਕਰਵਾਉਣ, ਪਰਖ਼ ਕਾਲ ਦਾ ਸਮਾਂ ਇੱਕ ਸਾਲ ਦਾ ਕਰਵਾਉਣ ਆਦਿ ਮੰਗਾਂ ਸੰਬੰਧੀ ਸੰਘਰਸ਼ ਕੀਤਾ ਜਾ ਰਿਹਾ ਹੈ।ਫਰੰਟ ਬਲਾਕ ਪ੍ਰਧਾਨ ਜਸਕਰਨ ਸਿੰਘ ਤਲਵੰਡੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਅਧੂਰੇ ਕੇਂਦਰੀ ਪੇਅ ਸਕੇਲ ਲਾਗੂ ਕੀਤੇ ਗਏ ਹਨ। ਇਹ ਪੇਅ ਸਕੇਲ ਨਾ ਤਾਂ ਪੂਰੇ ਕੇਂਦਰ ਦੇ ਹਨ ਅਤੇ ਨਾ ਹੀ ਪੰਜਾਬ ਦੇ ਸਕੇਲ ਹਨ। ਇਹਨਾਂ ਅਧੂਰੇ ਕੇਂਦਰੀ ਪੇਅ ਸਕੇਲਾਂ ਨਾਲ ਮੁਲਾਜ਼ਮਾਂ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਹੋ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਕਿ ਆਮ ਆਦਮੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਇਹਨਾਂ ਨੇ ਸਾਡੇ ਧਰਨਿਆਂ ਵਿੱਚ ਆ ਕੇ ਸਾਡੇ ਨਾਲ਼ ਵਾਅਦਾ ਕੀਤਾ ਸੀ ਕਿ ਜੇਕਰ ਸਾਡੀ ਸਰਕਾਰ ਆਉਂਦੀ ਹੈ ਤਾਂ ਅਸੀਂ ਸਮੂਹ ਮੁਲਾਜ਼ਮਾ ਤੇ ਪੰਜਾਬ ਦੇ ਪੇਅ ਸਕੇਲ ਲਾਗੂ ਕਰਾਂਗੇ ਪਰ ਦੋ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਅਜੇ ਤੱਕ ਇਹ ਵਾਅਦਾ ਵਫ਼ਾ ਨਹੀਂ ਹੋਇਆ।ਉਹਨਾਂ ਦੱਸਿਆ ਕਿ ਇਹਨਾਂ ਮੰਗਾਂ ਸੰਬੰਧੀ ਸਾਂਝੇ ਫਰੰਟ ਦੀ 22 ਫ਼ਰਵਰੀ 2024 ਨੂੰ ਮੁੱਖ ਮੰਤਰੀ ਰਿਹਾਇਸ਼ 'ਤੇ ਮੀਟਿੰਗ ਨਿਸ਼ਚਿਤ ਹੋਈ ਹੈ।ਉਹਨਾਂ ਕਿਹਾ ਕਿ ਜੇਕਰ 22 ਫਰਵਰੀ ਦੀ ਇਸ ਮੀਟਿੰਗ ਵਿੱਚ ਕੋਈ ਠੋਸ ਹੱਲ ਨਹੀਂ ਹੁੰਦਾ ਜਾਂ ਮੀਟਿੰਗ ਮੁਲਤਵੀ ਹੁੰਦੀ ਹੈ ਤਾਂ 10 ਮਾਰਚ ਨੂੰ ਵੱਡੀ ਲਾਮਬੰਦੀ ਕਰਕੇ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਭਰਪੂਰ ਸਿੰਘ, ਕਲਦੀਪ ਸਿੰਘ ਮਨਪ੍ਰੀਤ ਕੌਰ, ਨਵਜੀਵਨ ਸਿੰਘ ਆਦਿ ਆਗੂ ਮੌਜੂਦ ਸਨ।



**ਮਾਝਾ ਪ੍ਰੈੱਸ ਕਲੱਬ, ਅੰਮ੍ਰਿਤਸਰ ਦੀ ਮੀਟਿੰਗ 'ਚ ਅਹਿਮ ਮੁੱਦਿਆਂ 'ਤੇ ਹੋਈ ਭਖਵੀਂ ਚਰਚਾ**

# ਪੱਤਰਕਾਰੀ ਕਰਨਾ ਦੋ ਧਾਰੀ ਤਲਵਾਰ 'ਤੇ ਚੱਲਣ ਦੇ ਬਰਾਬਰ ਪ੍ਰਧਾਨ ਨਾਗੀ

ਜੰਡਿਆਲਾ ਗੁਰੂ 19 ਫਰਵਰੀ, ( ਕੁਲਵੰਤ ਸਿੰਘ ਵਿਰਦੀ )-ਮਾਝਾ ਪ੍ਰੈੱਸ ਕਲੱਬ, ਅੰਮ੍ਰਿਤਸਰ ਦੀ ਹੰਗਾਮੀ ਮੀਟਿੰਗ ਪ੍ਰਧਾਨ ਗੁਰਦੀਪ ਸਿੰਘ ਨਾਗੀ ਦੀ ਅਗਵਾਈ ਹੇਠ ਜੰਡਿਆਲਾ ਗੁਰੂ ਵਿਖੇ ਹੋਈ, ਜਿਸ ਵਿਚ ਪ੍ਰਧਾਨ ਗੁਰਦੀਪ ਸਿੰਘ ਨਾਗੀ ਨੇ ਫੀਲਡ ਵਿਚ ਕੰਮ ਕਰਦੇ ਪੱਤਰਕਾਰਾਂ ਨੂੰ ਆਉਂਦੀਆਂ ਮੁਸ਼ਿਕਲਾਂ 'ਤੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਆਖਿਆ ਕਿ ਪੱਤਰਕਾਰੀ ਕਰਨਾ ਦੋ ਧਾਰੀ ਤਲਵਾਰ 'ਤੇ ਚੱਲਣ ਦੇ ਬਰਾਬਰ ਹੈ ਅਤੇ ਪਤਰਕਾਰ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਕੇ ਜ਼ਮੀਨੀ ਪੱਧਰ ਦੇ ਹਾਲਾਤਾਂ ਨੂੰ ਸਰਕਾਰਾਂ ਤੇ ਪਾਠਕਾਂ ਤਾਈਂ ਪੁੱਜਦਾ ਕਰਦੇ ਹਨ।ਉਨ੍ਹਾਂ ਕਿਹਾ ਕਿ ਇਹ ਜਰੂਰੀ ਨਹੀਂ ਪੱਤਰਕਾਰ ਦੀ ਲਿਖਤ ਨਾਲ ਹਰ ਧਿਰ ਸਹਿਮਤ ਹੋਵੇ ਪ੍ਰੰਤੂ ਅਜੋਕੇ ਸ਼ੋਸ਼ਲ ਮੀਡੀਆ ਦੇ ਦੌਰ ਵਿਚ ਕਿਸੇ ਮੁੱਦੇ ਨੂੰ ਵਿਚਾਰਨ ਦੀ ਥਾਂ ਉਛਾਲਣ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੋਣ ਕਰਕੇ ਲੋਕ ਅਸਲ ਮੁੱਦੇ ਤੋਂ ਭਟਕ ਜਾਂਦੇ ਹਨ, ਸੋ ਸਾਨੂੰ ਹਰ ਤਰ੍ਹਾਂ ਦੇ ਪਲੇਟਫਾਰਮ ਉੱਪਰ ਉਸਾਰੂ ਤੇ ਅਗਾਂਹਵਧੂ ਸੋਚ ਨਾਲ ਵਿਚਰਨਾ ਚਾਹੀਦਾ ਹੈ।ਕਲੱਬ ਦੇ ਸਰਪ੍ਰਸਤ ਅੰਮ੍ਰਿਤਪਾਲ ਸਿੰਘ ਅਤੇ ਜਨਰਲ ਸਕੱਤਰ ਜਸਵੰਤ ਸਿੰਘ ਮਾਂਗਟ ਨੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ, ਲੁੱਟਾਂ-ਖੋਹਾਂ ਦੀਆਂ ਵਾਪਰਦੀਆਂ ਘਟਨਾਵਾਂ, ਗੁੰਡਾਗਰਦੀ, ਨਸ਼ਿਆਂ ਦੇ ਵਹਿਣ, ਬੇਰੁਜਗਾਰੀ ਆਦਿ ਸਮੱਸਿਆਵਾਂ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ।ਇਸ ਮੌਕੇ ਅੰਮ੍ਰਿਤਪਾਲ ਸਿੰਘ, ਜਸਵੰਤ ਸਿੰਘ ਮਾਂਗਟ, ਹਰੀਸ਼ ਕੱਕੜ, ਸਿਮਰਤਪਾਲ ਸਿੰਘ ਬੇਦੀ, ਕੁਲਦੀਪ ਸਿੰਘ ਭੁੱਲਰ, ਗੁਰਪਾਲ ਸਿੰਘ ਰਾਏ, ਕੁਲਜੀਤ ਸਿੰਘ, ਸਵਿੰਦਰ ਸਿੰਘ ਸ਼ਿੰਦਾ ਲਾਹੌਰੀਆ, ਪਰਵਿੰਦਰ ਸਿੰਘ ਮਲਕਪੁਰ, ਕੁਲਦੀਪ ਸਿੰਘ ਖਹਿਰਾ, ਸਤਪਾਲ ਵਿਨਾਇਕ, ਡਾਕਟਰ ਗੁਰਮੀਤ ਸਿੰਘ ਨੰਡਾ, ਐਡਵੋਕੇਟ ਸ਼ੁਕਰਗੁਜ਼ਾਰ ਸਿੰਘ, ਹਰਜਿੰਦਰ ਸਿੰਘ, ਸੁਖਦੇਵ ਸਿੰਘ ਬੱਬੂ, ਗੁਰਵਿੰਦਰ ਸਿੰਘ ਹੈਪੀ ਆਦਿ ਹਾਜ਼ਰ ਸਨ।



# ਸਭ ਤੋ ਉੱਤਮ ਦਾਨ ਖ਼ੂਨਦਾਨ: ਸਬ ਇੰਸਪੈਕਟਰ : ਦਲਜੀਤ ਸਿੰਘ



**ਚੌਕ ਮਹਿਤਾ, 19 ਫ਼ਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)-**ਅੱਜ ਕਲ ਦੇ ਸਮੇ ਵਿਚ ਜਿਵੇਂ ਕੇ ਇਨਸਾਨੀਅਤ ਪੈਸੇ ਪਿਛੇ ਦੌੜ ਰਹੀ ਹੈ ਲੇਕਿਨ ਫੇਰ ਵੀ ਇਹਨਾ ਵਿਚੋ ਕੁਝ ਦਾਨੀ ਸੱਜਣ ਜਿਹੜੇ ਕੇ ਮਨੁੱਖਤਾ ਲਈ ਬਹੁਤ ਵਧੀਆ ਸੋਚ ਰੱਖਦੇ ਹਨ ਅਤੇ ਚੰਗੀਆ ਸੇਵਾਵਾ ਕਰਦੇ ਹਨ ਇਹਨਾ ਵਿਚ ਇਕ ਸੇਵਾ ਖ਼ਾਲਸਾ ਬਲੱਡ ਡੋਨੇਟ ਯੂਨਿਟੀ ਰਜਿਸਟਰ ਦੇ ਸਮਾਜ ਸੇਵੀ ਡਾ: ਸਰਬਜੀਤ ਸਿੰਘ ਭੁੱਲਰ ਉਹਨਾਂ ਵਲੋ ਆਪਣੇ ਪਿਤਾ ਜੀ ਦੀ ਯਾਦ ਵਿਚ ਸਾਲਾਨਾ ਖ਼ੂਨਦਾਨ ਕੈਂਪ ਸੁਲਤਾਨਵਿੰਡ ਲਗਾਇਆ ਗਿਆ ਜਿਵੇਂ ਕੇ ਅੱਜਕਲ ਦੇ ਰੁਕੇ ਸਮੇ ਵਿਚ ਬਹੁਤ ਸਾਰੇ ਸਮਾਜ ਸੇਵਕ ਜਾ ਦਾਨੀ ਸੱਜਣ ਅੱਗੇ ਆ ਕੇ ਬਹੁਤ ਦਾਨ ਕਰਦੇ ਹਨ ਪਰ ਦਾਨਾ ਵਿੱਚੋ ਦਾਨ ਉਹ ਮਹਾਨ ਦਾਨ ਮੰਨਿਆ ਜਾਂਦਾ ਹੈ ਜਿਸ ਤਰਾ ਕੇ ਕਿਸੇ ਨੂੰ ਨੰਗੇ ਨੂੰ ਕੱਪੜਾ, ਪਿਆਸੇ ਨੂੰ ਪਾਣੀ ਅਤੇ ਭੁੱਖੇ ਨੂੰ ਅੰਨ ਜਾ ਕਿਸੇ ਧੀ ਦਾ ਕੰਨਿਆ ਦਾਨ ਮਹਾਨ ਦਾਨ ਮੰਨੇ ਜਾਂਦੇ ਹਨ ਜਿਸ ਤਰਾ ਕੇ ਅਜ ਕੱਲ ਖ਼ੂਨ ਦਾਨ ਬਹੁਤ ਵੱਡਾ ਦਾਨ ਮੰਨਿਆ ਗਿਆ ਹੈ ਖ਼ੂਨ ਦਾਨ ਇਕ ਉਹ ਦਾਨ ਹੈ ਜੋ ਕਿਸੇ ਲੋੜਵੰਦ ਦੀ ਜਾਨ ਬਚਾਅ ਸਕਦਾ ਹੈ ਜਾ ਕਿਸੇ ਦੀ ਔਖੇ ਸਮੇ ਵਿਚ ਮਦਦ ਕਰ ਸਕਦਾ ਹੈ ਸੁਲਤਾਨਵਿੰਡ ਰੋਡ ਵਿਖੇ ਖ਼ਾਲਸਾ ਬਲੱਡ ਡੋਨੇਟ ਯੂਨਿਟੀ ਰਜਿਸਟਰ ਦੇ ਸਮਾਜ ਸੇਵੀ ਡਾ: ਸਰਬਜੀਤ ਸਿੰਘ ਭੁੱਲਰ ਉਹਨਾਂ ਵਲੋ ਆਪਣੇ ਪਿਤਾ ਜੀ ਦੀ ਯਾਦ ਵਿਚ ਜੋ ਕੇ ਸਾਲਾਨਾ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸ ਆਈ ਦਲਜੀਤ ਸਿੰਘ ਅਤੇ ਉਹਨਾਂ ਦੀ ਟੀਮ ਉਚੇਚੇ ਤੌਰ ਤੇ ਪਹੁੰਚੇ ਯਾਦ ਰਹੇ ਕੇ ਸਰਦਾਰ ਦਲਜੀਤ ਸਿੰਘ ਇੰਚਾਰਜ ਟ੍ਰੈਫਿਕ ਐਜੂਕੇਸ਼ਨ ਸੈੱਲ ਇਹ ਉਹ ਸਖ਼ਸੀਅਤ ਹਨ ਜੋ ਕੇ ਕੋਰੋਨਾ ਕਾਲ ਦੇ ਸਮੇ ਵਿਚ ਬਹੁਤ ਸਾਰੇ ਲੋਕਾ ਦੀ ਮਦਦ ਕਰ ਚੁੱਕੇ ਹਨ ਗਰੀਬ ਲੜਕੀਆ ਦੇ ਵਿਆਹ, ਪੜਾਈ ਲਿਖਾਈ ਅਤੇ ਮਰੀਜ਼ਾ ਦੀ ਮਦਦ, ਲੋੜਵੰਦਾ ਲਈ ਦਵਾਈਆਂ ਅਤੇ ਉਹਨਾਂ ਦੇ ਆਪ੍ਰੇਸ਼ਨ ਅਤੇ ਹੋਰ ਬਹੁਤ ਸਾਰੇ ਸਲਾਘਾਯੋਗ ਕੰਮ ਕੀਤੇ ਹਨ ਜਿੰਨਾ ਨੇ ਇਸ ਮੌਕੇ ਜਦੋ ਦੇਖਿਆ ਕੇ ਬਹੁਤ ਸਾਰੇ ਲੋਕ ਖ਼ੂਨਦਾਨ ਕਰਨ ਲਈ ਆਏ ਹਨ ਓਹ ਵੀ ਪਿਛੇ ਹਟਣ ਵਾਲੇ ਨਹੀਂ ਸਨ ਲੇਕਿਨ ਫੇਰ ਵੀ ਉਹਨਾਂ ਨੇ 10-15 ਦਿਨ ਪਹਿਲੇ ਖ਼ੂਨ ਦਾਨ ਕਰਨ ਕਾਰਨ ਖ਼ੂਨ ਨਹੀਂ ਦੇ ਸਕੇ ਉਹਨਾਂ ਦੇ ਨਾਲ ਆਏ ਐੱਚ ਸੀ ਸਲਵੰਤ ਸਿੰਘ ਨੂੰ ਇਸ ਲਈ ਉਤਸਾਹਿਤ ਕੀਤਾ ਕੇ ਖ਼ੂਨਦਾਨ ਬਹੁਤ ਹੀ ਵੱਡਾ ਦਾਨ ਹੈ ਅਤੇ ਇਸ ਗੱਲ ਨੂੰ ਮਨ ਕੇ ਐੱਚ ਸੀ ਸਲਵੰਤ ਸਿੰਘ ਨੇ ਖ਼ੂਨ ਦਾਨ ਕੀਤਾ ਅਤੇ ਇਕ ਵੱਖਰੀ ਮਿਸਾਲ ਪੈਦਾ ਕੀਤੀ ਜੋ ਕੇ ਮਨੁੱਖਤਾ ਦੀ ਸੇਵਾ ਲਈ ਅਸੀ ਵੱਡੇ ਵੱਡੇ ਲੰਗਰ ਲਗਾ ਰਹੇ ਹਾ ਖ਼ੂਨਦਾਨ ਕਰ ਕੇ ਅਸੀ ਮਨੁੱਖਤਾ ਦੀ ਸੇਵਾ ਕਰ ਰਹੇ ਹਾ ਯਾਦ ਰਹੇ ਕੇ ਟ੍ਰੈਫਿਕ ਐਜੂਕੇਸ਼ਨ ਸੈੱਲ ਉਹ ਸੈੱਲ ਦੇ ਇੰਚਾਰਜ ਬਹੁਤ ਵਧੀਆ ਕੰਮ ਕਰ ਰਹੇ ਹਨ ਇਸ ਮੌਕੇ ਸਰਦਾਰ ਦਲਜੀਤ ਸਿੰਘ ਜੀ ਦਾ ਕਹਿਣਾ ਹੈ ਕੇ ਖ਼ੂਨਦਾਨ ਕਰਨ ਦੇ ਨਾਲ ਜਿਸ ਤਰਾ ਕੇ ਕਿਸੇ ਦਾ ਐਕਸੀਡੈਂਟ ਹੋਏ ਵਿਅਕਤੀ ਦੀ ਮਦਦ ਹੋ ਸਕਦੀ ਹੈ ਅਤੇ ਕਈ ਲੋਕ ਬਿਮਾਰੀਆ ਤੋ ਪੀੜਤ ਹਨ ਉਹਨਾਂ ਦੀ ਮਦਦ ਹੋ ਸਕਦੀ ਹੈ ਉਹਨਾਂ ਦਾ ਕਹਿਣਾ ਹੈ ਕੇ ਖ਼ੂਨਦਾਨ ਹਰੇਕ ਤੰਦਰੁਸਤ ਵਿਅਕਤੀ ਦਾ ਨੂੰ ਕਰਨਾ ਚਾਹੀਦਾ ਹੈ ਤਾ ਜੋ ਕਿਸੇ ਦੀ ਮਦਦ ਹੋ ਸਕੇ

# ਅਕਾਲ ਯੂਨੀਵਰਸਿਟੀ ਵਿਖੇ ਸ਼ੁਰੂ ਹੋਇਆ ਗਿਣਤ ਸਿਖਲਾਈ ਤੇ ਪ੍ਰਤਿਭਾ ਖੋਜ ਪ੍ਰੋਗਰਾਮ




ਅਕਾਲ ਯੂਨੀਵਰਸਿਟੀ ਦੇ ਗਣਿਤ ਵਿਭਾਗ ਵੱਲੋਂ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਦੀ ਸਰਪ੍ਰਸਤੀ ਹੇਠ 19 ਤੋਂ 24 ਫਰਵਰੀ ਤੱਕ ਇੱਕ ਹਫ਼ਤੇ ਦਾ ਗਣਿਤ ਸਿਖਲਾਈ ਅਤੇ ਪ੍ਰਤਿਭਾ ਖੋਜ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ।ਅੱਜ ਯੂਨੀਵਰਸਿਟੀ ਵੱਲੋਂ ਸਮਾਗਮ ਦੇ ਪਹਿਲੇ ਦਿਨ ਉਦਘਾਟਨੀ ਸਮਾਰੋਹ ਦੀ ਘੋਸ਼ਣਾ ਬੜੇ ਉਤਸ਼ਾਹ ਤੇ ਖੁਸ਼ੀ ਨਾਲ ਕੀਤੀ ਗਈ, ਜਿਸ ਤਹਿਤ ਸੈਮੀਨਾਰ ਹਾਲ ਵਿੱਚ ਸਟੇਜ ਕੋਆਰਡੀਨੇਟਰ ਡਾ. ਸੁਖਪ੍ਰੀਤ ਕੌਰ ਦੇ ਸਕਾਰਾਤਮਕ ਤਾਲਮੇਲ ਹੇਠ ਇਹ ਸਮਾਰੋਹ ਕ੍ਰਮ ਅਨੁਸਾਰ ਅੱਗੇ ਵਧਾਇਆ ਗਿਆ। ਸਮਾਗਮ ਦੀ ਸ਼ੁਰੂਆਤ ਐਸਜੀਜੀਐਸ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਸ਼ਬਦ ਗਾਇਨ ਨਾਲ ਹੋਈ। ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਅਤੇ ਗਣਿਤ ਵਿਭਾਗ ਦੇ ਮੁਖੀ ਡਾ. ਸੰਦੀਪ ਸਿੰਘ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਸਵਾਗਤੀ ਭਾਸ਼ਣ ਦਿੱਤਾ। ਉਸ ਤੋਂ ਬਾਅਦ ਸਮਾਗਮ ਦੇ ਅਕਾਦਮਿਕ ਕੋਆਰਡੀਨੇਟਰ ਪ੍ਰੋ. ਏ. ਸਤਿਆਨਾਰਿਆਨਾ ਰੈੱਡੀ ਨੇ ਪ੍ਰੋਗਰਾਮ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਮਾਣਯੋਗ ਰਜਿਸਟਰਾਰ ਪ੍ਰੋ. ਸੁਖਜੀਤ ਸਿੰਘ ਦੇ ਉਦਘਾਟਨੀ ਭਾਸ਼ਣ ਤੋਂ ਬਾਅਦ ਪਹਿਲੇ ਦਿਨ ਦੀਆਂ ਗਤੀਵਿਧੀਆਂ ਨਿਯਤ ਪ੍ਰਬੰਧ ਅਨੁਸਾਰ ਹੋਈਆਂ। ਇਸ ਉਘਾਟਨੀ ਸਮਾਰੋਹ ਦੀ ਸਮਾਪਤੀ ਗਣਿਤ ਵਿਭਾਗ ਤੋਂ ਡਾ. ਸੰਦੀਪ ਕੌਰ ਦੇ ਧੰਨਵਾਦੀ ਸ਼ਬਦਾਂ ਨਾਲ ਹੋਈ।




# ਵਰ੍ਹੇਗੰਢ ਮੁਬਾਰਕ





ਪ੍ਰੋ. ਕੰਵਰਜੀਤ ਸਿੰਘ ਅਤੇ ਮੈਡਮ ਸੁਖਵਿੰਦਰ ਕੌਰ ਜੀ ਨੂੰ ਅਦਾਰਾ ਆਵਾਜਿ ਕੌਮ ਅਤੇ ਪਤਰਕਾਰ ਗੁਰਜੰਟ ਸਿੰਘ ਨਥੇਹਾ ਵੱਲੋਂ 24ਵੀਂ ਵਿਆਹ ਵਰ੍ਹੇਗੰਢ ਦੀਆਂ ਬਹੁਤ ਬਹੁਤ ਵਧਾਈਆਂ

ਆਵਾਜ਼ਿ ਕੌਮ AWAZE QAUM International Newspaper & WEB TV












ਅਸਟਰੀਆ ਤੋਂ ਇੰਡੀਆ ਵਾਇਆ ਰੋਡ ਆਉਣ ਤੇ ਭਾਈ ਹਰਜੀਤ ਸਿੰਘ ਜੀ ਦਾ ਫਤਿਹ ਗਰੁੱਪ ਜ਼ੀਰਕਪੁਰ ਵੱਲੋਂ ਅਟਾਰੀ ਬਾਰਡਰ ਵਿਖੇ ਸਵਾਗਤ ਕੀਤਾ ਗਿਆ । ਸਮੂਹ ਗਰੁੱਪ ਸ੍ਰੀ ਹਰਿਮੰਦਰ ਸਾਹਿਬ ਹੋਇਆ ਨਕਮਤਕ । (ਫੋਟੋ : ਪਰਗਟ ਸਿੰਘ ਬਲਬੇੜ੍ਹਾ)

## ਪਿੰਡ ਬੁਰਜ ਕੁਲਾਰਾ ਵਿਖੇ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਸਜਾਇਆ ਮਹਾਨ ਨਗਰ ਕੀਰਤਨ

### ਜਗਤਾਰ ਸਿੰਘ ਧਾਂਦਰਾ ਦੇ ਕਵੀਸ਼ਰੀ ਜੱਥੇ ਅਤੇ ਰਫੀ ਮਹੁੰਮਦ ਲੋਪੋ ਵਾਲੇ ਰਬਾਬੀ ਦੇ ਕੀਰਤਨੀ ਜੱਥੇ ਨੇ ਸੁਣਾਇਆ ਗੁਰ ਇਤਿਹਾਸ


ਹਠੂਰ/ਜਗਰਾਉਂ - (ਵਰਿਆਮ ਹਠੂਰ) ਜ਼ਿਲ੍ਹਾ ਲੁਧਿਆਣਾ ਦੇ ਆਖ਼ਰੀ ਪਿੰਡ ਬੁਰਜ ਕੁਲਾਰਾ ਵਿਖੇ ਸਸ਼ੋਭਿਤ ਗੁਰਦੁਆਰਾ ਤਪ ਅਸਥਾਨ ਬਾਬਾ ਸਾਂਈ ਲੋਕ ਤੋਂ ਸਤਿਗੁਰ ਰਵਿਦਾਸ ਜੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਵੇਰੇ ਅਰਦਾਸ ਉਪਰੰਤ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਹੋਇਆ, ਨਗਰ ਕੀਰਤਨ ਦੇ ਸਭ ਤੋਂ ਅੱਗੇ ਬੀਬੀ ਰਮਨਦੀਪ ਕੌਰ ਧਰਮ ਪਤਨੀ ਬਾਬਾ ਗੁਰਨਾਇਬ ਸਿੰਘ ਜੀ ਖਾਲਸਾ ਵੱਲੋਂ ਬੱਚਿਆਂ ਅਤੇ ਬੀਬੀਆਂ ਨੂੰ ਨਾਲ ਲੈਕੇ ਸਾਫ਼ ਸਫ਼ਾਈ ਦੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਸਨ। ਤੋਂ ਸੇਵਾਦਾਰ ਵੀਰਾਂ

ਆਵਾਜ਼ਿ ਕੌਮ
AWAZE QAUM
International Newspaper & WEB TV

ਵੱਲੋਂ ਛਿੜਕਾਅ ਕਰਕੇ ਕਲੀ ਪਾਉਣ ਦੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਸਨ। ਨਗਰ ਕੀਰਤਨ ਵਿੱਚ ਜਗਤਾਰ ਸਿੰਘ ਧਾਂਦਰਾ ਦੇ ਪ੍ਰਸਿੱਧ ਕਵੀਸ਼ਰੀ ਜੱਥੇ ਨੇ ਸਤਿਗੁਰੂ ਰਵਿਦਾਸ ਜੀ ਦੇ ਇਤਿਹਾਸ ਸਬੰਧੀ ਗੁਰਸੰਗਤਾਂ ਨੂੰ ਚਾਨਣਾ ਪਾਇਆ, ਰਫ਼ੀ ਮੁਹੰਮਦ ਲੋਪੋ ਵਾਲੇ ਰਬਾਬੀ ਦੇ ਪ੍ਰਸਿੱਧ ਸੁਰੀਲੇ ਕੀਰਤਨੀ ਜੱਥੇ ਨੇ ਪੂਰਾ ਦਿਨ ਨਾਲ-ਨਾਲ ਕੀਰਤਨ ਦੀਆਂ ਸੇਵਾਵਾਂ ਨਿਭਾ ਕੇ ਗੁਰਸੰਗਤਾਂ ਦਾ ਦਿਲ ਮੋਹ ਲਿਆ, ਲੁਹਾਰੇ ਵਾਲੇ ਬੱਚਿਆਂ ਦੇ ਕਵੀਸ਼ਰੀ ਜੱਥੇ ਨੇ ਵੀ ਵੱਖ ਵੱਖ ਪੜਾਵਾਂ ਤੇ ਕਵੀਸ਼ਰੀ ਕਲਾ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ, ਵੱਖ ਵੱਖ ਪੜਾਵਾਂ ਤੇ ਸੇਵਾਦਾਰਾਂ ਵੱਲੋਂ ਚਾਹ ਬਰੈੱਡ ਅਤੇ ਹੋਰ ਵੱਖ ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ। ਸਟੇਜ ਸੈਕਟਰੀ ਦੀ ਭੂਮਿਕਾ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ ਨੇ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ, ਨਗਰ ਕੀਰਤਨ ਵਿੱਚ ਗਿਆਨੀ ਬੀਰ ਸਿੰਘ ਜੀ ਕੈਨੇਡੀਅਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਵਾਲੇ ਅੱਠ ਭਾਗਾਂ ਵਿੱਚ ਲਿਖੇ ਸਟੀਕ ਜ਼ੋ ਬੀਤੇ ਦਿਨੀਂ ਗੁਰਦੁਆਰਾ ਤਪ ਅਸਥਾਨ ਬਾਬਾ ਸਾਂਈ ਲੋਕ ਵਿਖੇ ਰਿਲੀਜ਼ ਕੀਤੇ ਗਏ ਸਨ। ਜਗਤਾਰ ਸਿੰਘ ਧਾਂਦਰਾ ਅਤੇ ਲੁਹਾਰੇ ਵਾਲੇ ਬੱਚਿਆਂ ਦੇ ਕਵੀਸ਼ਰੀਜੱਥੇ ਨੂੰ ਸਤਿਕਾਰ ਸਹਿਤ ਗਿਆਨੀ ਬੀਰ ਸਿੰਘ ਜੀ ਨੇ ਭੇਟ ਕੀਤੇ, ਤੇ ਜੱਥਿਆਂ ਨੇ ਭਰਭੂਰ ਸ਼ਲਾਘਾ ਕੀਤੀ, ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ ਨੇ ਕਿਹਾ ਕਿ ਸਾਨੂੰ ਕ੍ਰਾਂਤੀਕਾਰੀ ਰਹਿਬਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ਜਿੰਨ੍ਹਾਂ ਦੀ ਲਿਖੀ ਬਾਣੀ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਤੇ ਸਾਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੱਲਾ ਫੜ ਕੇ ਗੁਰਬਾਣੀ ਪੜ੍ਹ ਕੇ ਅਤੇ ਉਸ ਤੇ ਅਮਲ ਕਰ ਕੇ ਆਪਣਾ ਮਨੁੱਖਾ ਜੀਵਨ ਸਫਲ ਕਰਨਾ ਚਾਹੀਦਾ ਹੈ। ਤੇ ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਿੱਖ ਕੌਮ ਦੇ ਮਹਾਨ ਵਿਰਸੇ ਅਤੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਉਣਾ ਚਾਹੀਦਾ ਹੈ। ਤਾਂ ਜੋ ਬੱਚਿਆਂ ਦਾ ਬਚਪਨ ਤੋਂ ਹੀ ਸਿੱਖੀ ਪ੍ਰਤੀ ਮੋਹ ਪੈਦਾ ਹੋਵੇ। ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ ਨੇ ਅੱਗੇ ਕਿਹਾ ਕਿ ਸਾਨੂੰ ਰਾਗੀ, ਢਾਡੀ, ਕਵੀਸ਼ਰਾਂ ਅਤੇ ਪ੍ਰਚਾਰਕਾਂ ਨੂੰ ਸੰਭਾਲਣਾ ਚਾਹੀਦਾ ਹੈ। ਤੇ ਉਨ੍ਹਾਂ ਦਾ ਵਧ ਚੜ੍ਹ ਕੇ ਮਾਨ ਸਨਮਾਨ ਕਰਨਾ ਚਾਹੀਦਾ ਹੈ। ਕਿਉਂਕਿ ਅਸੀਂ ਵਿਆਹਾਂ ਜਾਂ ਹੋਰ ਪ੍ਰੋਗਰਾਮਾਂ ਤੇ ਜਿੱਥੇ ਲੱਖਾਂ ਰੁਪਏ ਖ਼ਰਚ ਕਰਦੇ ਹਾਂ ਉੱਥੇ ਜਦੋਂ ਰਾਗੀ, ਢਾਡੀ, ਕਵੀਸ਼ਰਾਂ ਦੇ ਮਾਨ ਸਨਮਾਨ ਦੀ ਵਾਰੀ ਆਉਂਦੀ ਹੈ। ਉੱਥੇ ਅਸੀਂ ਹੱਥ ਘੁੱਟ ਲੈਂਦੇ ਹਾਂ, ਜੇ ਅਸੀਂ ਉਨ੍ਹਾਂ ਦਾ ਵਧ ਚੜ੍ਹ ਕੇ ਮਾਨ ਸਨਮਾਨ ਨਹੀਂ ਕਰਾਂਗੇ ਜਾਂ ਉਨ੍ਹਾਂ ਦਾ ਸਹੀ ਢੰਗ ਨਾਲ ਗੁਜ਼ਾਰਾ ਨਹੀਂ ਹੋਵੇਗਾ ਤਾਂ ਆਉਣ ਵਾਲੇ ਸਮੇਂ ਵਿੱਚ ਸਾਨੂੰ ਭਾਲੇ ਨਹੀਂ ਥਿਉਂਣਗੇ ਇਸ ਲਈ ਸਾਨੂੰ ਇਸ ਵਿਸੇ ਵੱਲ ਵੀ ਗੰਭੀਰਤਾ ਨਾਲ ਸੋਚਣਾ ਪਵੇਗਾ। ਨਗਰ ਕੀਰਤਨ ਨਗਰ ਦੀਆਂ ਵੱਖ ਵੱਖ ਥਾਵਾਂ ਦੀ ਪ੍ਰਕਰਮਾ ਕਰਦਾ ਹੋਇਆ ਦੇਰ ਸ਼ਾਮ ਵਾਪਸ ਗੁਰਦੁਆਰਾ ਤਪ ਅਸਥਾਨ ਬਾਬਾ ਸਾਂਈ ਲੋਕ ਵਿਖੇ ਪਹੁੰਚਿਆ ਜਿੱਥੇ ਗੁਰੂ ਘਰ ਦੇ ਵਜੀਰ ਬਾਬਾ ਗੁਰਨਾਇਬ ਸਿੰਘ ਜੀ ਨੇ ਅਰਦਾਸ ਬੇਨਤੀ ਕੀਤੀ ਤੇ ਅਰਦਾਸ ਉਪਰੰਤ ਸਮਾਪਤੀ ਹੋਈ, ਪ੍ਰਧਾਨ ਵਾਹਿਗੁਰੂ ਪਾਲ ਸਿੰਘ ਜੀ ਬੁਰਜ਼ ਕੁਲਾਰਾ ਨੇ ਸਮੁੱਚੀਆਂ ਗੁਰਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਮੁਬਾਰਕਾਂ ਵੀ ਦਿੱਤੀਆਂ, ਇਸ ਮੌਕੇ ਸਤਿਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਤੋਂ ਹਰਬੰਸ ਸਿੰਘ, ਬਲਵੀਰ ਸਿੰਘ, ਬਹਾਦਰ ਸਿੰਘ, ਧੇਲੂ ਸਿੰਘ, ਮੁਕੰਦ ਸਿੰਘ, ਮਲਕੀਤ ਸਿੰਘ, ਨਿਰਮਲ ਸਿੰਘ, ਦਲਬਾਰਾ ਸਿੰਘ, ਰਣਜੀਤ ਸਿੰਘ, ਜੱਗਾ ਸਿੰਘ, ਜਗਦੇਵ ਸਿੰਘ, ਤੋਂ ਇਲਾਵਾ ਗੁਰੂ ਘਰ ਦੇ ਵਜੀਰ ਬਾਬਾ ਗੁਰਨਾਇਬ ਸਿੰਘ ਜੀ ਖਾਲਸਾ, ਬੀਬੀ ਰਮਨਦੀਪ ਕੌਰ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਗਿਆਨੀ ਬੀਰ ਸਿੰਘ ਜੀ ਕੈਨੇਡੀਅਨ, ਸਮਾਜ ਸੇਵੀ ਅਤੇ ਸਾਬਕਾ ਸਰਪੰਚ ਚਮਕੌਰ ਸਿੰਘ ਕੈਨੇਡਾ, ਸ: ਅਵਤਾਰ ਸਿੰਘ ਸਿੱਧੂ, ਕਾਲਾ ਬੁਰਜ਼ ਕੁਲਾਰਾ, ਮਿੱਠੂ ਸਿੰਘ ਬੁਰਜ ਕੁਲਾਰਾ, ਕਵੀਸ਼ਰੀ ਜੱਥਾ ਜਗਤਾਰ ਸਿੰਘ ਧਾਂਦਰਾ, ਕੀਰਤਨੀ ਜੱਥਾ ਰਫ਼ੀ ਮੁਹੰਮਦ ਲੋਪੋ ਵਾਲੇ ਰਬਾਬੀ ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ।












## ਹਰਿਆਣਾ ਸਰਕਾਰ ਵੱਲੋਂ ਨਿਭਾਏ ਗਏ ਰਵਈਏ ਦੀ ਪੁਰਜ਼ੋਰ ਸ਼ਬਦਾਂ ਵਿੱਚ ਕੀਤੀ ਨਿੰਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਹੋਣ ਚਿੰਤਿਤ ਜਥੇਦਾਰ ਜੱਸੀ

**ਅੰਮ੍ਰਿਤਸਰ, 19 ਫਰਵਰੀ (ਕੁਲਵੰਤ ਸਿੰਘ ਵਿਰਦੀ)**- ਅੱਜ ਗੁਰਦੁਆਰਾ ਸਿਲਵਸ ਅਮਰੀਕਾ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਬੁੱਢਾ ਦਲ ਪੰਥ ਰਤਨ ਬਾਬਾ ਬਲਬੀਰ

ਆਵਾਜ਼ਿ ਕੌਮ AWAZE QAUM International Newspaper & WEB TV

ਸਿੰਘ 96 ਕਰੋੜੀ ਵੱਲੋਂ ਥਾਪੇ ਗਏ ਅਮਰੀਕਾ ਇਕਾਈ ਦੇ ਇੰਚਾਰਜ ਜਥੇਦਾਰ ਜਸਵਿੰਦਰ ਸਿੰਘ ਜੱਸੀ ਜੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਹੋਇਆਂ ਕਿਹਾ ਕਿ ਬੀਤ ਚੁੱਕੇ ਦੋ ਸਾਲ ਤੋਂ ਉੱਪਰ ਦੇ ਲੰਮੇ ਸਮੇਂ ਤੋਂ ਦੇਸ਼ ਭਰ ਦੇ ਕਿਸਾਨਾਂ ਤੋ ਲੈ ਕਿ ਅਤੇ ਖਾਸ ਕਰ ਪੰਜਾਬ ਦੇ ਕਿਸਾਨਾਂ ਵੱਲੋਂ ਆਪਣੀਆਂ ਕਿਸਾਨੀ ਨਾਲ ਜੁੜੀਆਂ ਹੱਕੀ ਮੰਗਾਂ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਇਹ ਕਿਸਾਨ ਆਪਣੀਆ ਮੰਗਾਂ ਨੂੰ ਦਿੱਲੀ ਪਹੁੰਚ ਕੇ ਦਿੱਲੀ ਦੀ ਹਕੂਮਤ ਕੋਲੋਂ ਲਾਗੂ ਕਰਵਾਉਣਾ ਚਾਹੁੰਦੇ ਹਨ ਲੇਕਿਨ ਦਿੱਲੀ ਨੂੰ ਜਾਣ ਵਾਲੇ ਰਸਤਿਆਂ ਵਿੱਚ ਜੋ ਬਾਡਰ ਪੈਂਦੇ ਹਨ ਹਰਿਆਣਾ ਸਰਕਾਰ ਵੱਲੋਂ ਪੰਜਾਬ ਨਾਲ ਮਤਰੇਈ ਮਾਂ



ਵਰਗਾ ਸਲੂਕ ਕਰਕੇ ਉਨ੍ਹਾਂ ਬਾਡਰਾਂ ਨੂੰ ਸੀਲ ਕਰਕੇ ਕਿਸਾਨਾਂ ਉਪਰ ਸੈਂਕੜਿਆਂ ਦੇ ਹਿਸਾਬ ਨਾਲ ਅੱਥਰੂ ਗੈਸ ਦੇ ਗੋਲੇ ਦਾਗੇ ਗਏ ਹਨ ਅਤੇ ਰਫਲਾਂ ਦੀਆਂ ਗੋਲੀਆਂ ਵਰਸਾਈਆਂ ਗਈਆਂ ਹਨ ਜੋ ਪੰਜਾਬ ਦੇ ਕਿਸਾਨਾਂ ਨਾਲ ਹਰਿਆਣਾ ਸਰਕਾਰ ਵੱਲੋਂ ਬਹੁਤ ਗ.ਲਤ ਰਵਈਆ ਅਪਣਾਇਆ ਗਿਆ ਹੈ ਜਿਸ ਰਵਈਏ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਂਦੀ ਹੈ ਅਤੇ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸੜਕਾਂ ਤੇ ਬੈਠੇ ਕਿਸਾਨਾਂ ਦੀਆਂ ਹੱਕੀ ਮੰਗਾਂ ਤੋਂ ਚਿੰਤਤ ਹੁੰਦਿਆਂ ਹੋਇਆਂ ਕਿਸਾਨਾਂ ਦੀਆਂ ਮੰਗਾਂ ਨੂੰ ਹਰੀ ਝੰਡੀ ਦਿੰਦਿਆਂ ਹੋਇਆਂ ਪ੍ਰਵਾਨ ਕੀਤਾ ਜਾਵੇ ਕਿਉਂਕਿ ਕਿਸਾਨ ਦੇਸ ਦੀ ਰੀੜ੍ਹ ਦੀ ਹੱਡੀ ਹਨ ਇਨ੍ਹਾਂ ਕਿਸਾਨਾਂ ਨੂੰ ਨਿਰਾਸ਼ ਨਾ ਕੀਤਾ ਜਾਵੇ ਇਹ ਉਹੋ ਕਿਸਾਨ ਹਨ ਜੋ ਅੰਨ ਦਾ ਭੰਡਾਰ ਪੈਦਾ ਕਰਦਾ ਹੈ ਜਿਸ ਅੰਨ ਨਾਲ ਪੂਰਾ ਦੇਸ਼ ਆਪਣੇ ਢਿੱਡ ਦੀ ਭੁੱਖ ਮਿਟਾਉਂਦਾ ਹੈ ਅੱਗੇ ਜਥੇਦਾਰ ਜਸਵਿੰਦਰ ਸਿੰਘ ਜੱਸੀ ਨੇ ਅੱਗੇ ਕਿਹਾ ਕਿ ਭਾਰਤ ਇੱਕ ਲੋਕਤੰਤਰ ਦੇਸ਼ ਹੈ ਅਤੇ ਹਰ ਇੱਕ ਦੇਸ਼ ਵਾਸੀ ਨੂੰ ਆਪਣੀ ਗੱਲ ਕਰਨ ਦਾ ਅਧਿਕਾਰ ਹੈ ਇਸ ਲਈ ਮੰਗਾਂ ਨੂੰ ਪ੍ਰਵਾਨ ਕਰਕੇ ਦੇਸ਼ ਵਿੱਚ ਭਾਈਚਾਰਕ ਸਾਂਝ ਤੇ ਪਿਆਰ ਨੂੰ ਬੜ੍ਹਾਵਾ ਦਿੱਤਾ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਭਾਕਿਯੂ ਡਕੌਂਦਾ ਵੱਲੋਂ 20 ਫਰਵਰੀ ਨੂੰ ਸ਼ੁਰੂ ਕੀਤਾ ਜਾਵੇਗਾ ਭਾਜਪਾ ਆਗੂਆਂ ਦਾ ਘਿਰਾਓ

### 20, 21 ਅਤੇ 22 ਫਰਵਰੀ ਨੂੰ ਟੋਲ ਪਲਾਜੇ ਕੀਤੇ ਜਾਣਗੇ ਫਰੀ

ਤਲਵੰਡੀ ਸਾਬੋ, 19 ਫਰਵਰੀ (ਗੁਰਜੰਟ ਸਿੰਘ ਨਥੇਹਾ)- ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਿਲਾ ਜਰਨਲ ਸਕੱਤਰ ਰਾਜਮਹਿੰਦਰ ਸਿੰਘ ਕੋਟਭਾਰਾ ਅਤੇ ਬਲਾਕ ਤਲਵੰਡੀ ਸਾਬੋ ਦੇ ਪ੍ਰਧਾਨ ਲਛਮਣ ਸਿੰਘ ਭਾਗੀਵਾਂਦਰ





ਵੱਲੋਂ ਪ੍ਰੈਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਗਿਆ ਕਿ ਕੱਲ੍ਹ ਦੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਬਲਾਕ ਤਲਵੰਡੀ ਸਾਬੋ ਦੇ ਕਿਸਾਨ ਵੀ ਵੱਡੀ ਗਿਣਤੀ ਵਿਚ 20, 21 ਅਤੇ 22 ਫਰਵਰੀ ਨੂੰ ਭਾਜਪਾ ਆਗੂਆਂ ਦੇ ਘਿਰਾਓ ਅਤੇ ਟੋਲ ਪਲਾਜੇ ਫਰੀ ਕਰਨ ਵਿੱਚ ਸ਼ਮੂਲੀਅਤ ਕਰਨਗੇ। ਉਹਨਾਂ ਕਿਹਾ ਕਿ ਜੇਤੂ ਦਿੱਲੀ ਘੋਲ ਨੂੰ ਮੁਲਤਵੀ ਕਰਨ ਮੌਕੇ ਕੀਤੇ ਗਏ ਐੱਮਐੱਸਪੀ ਦੀ ਕਾਨੂੰਨੀ ਗਰੰਟੀ ਵਰਗੇ ਲਿਖਤੀ ਵਾਅਦੇ ਕਰਕੇ ਲਾਗੂ ਕਰਨ ਤੋਂ ਲਗਾਤਾਰ ਦੋ ਸਾਲ ਟਾਲਾ ਵੱਟਣ ਅਤੇ ਕਿਸਾਨੀ ਮੰਗਾਂ ਕਿਸਾਨਾਂ ਮਜ਼ਦੂਰਾਂ ਦਾ ਮੁਕੰਮਲ ਕਰਜ਼ਾ ਮੁਕਤੀ, ਲਖਮੀਰਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ, ਫਸਲੀ ਬੀਮਾ ਯੋਜਨਾ, ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਅਤੇ ਭਖਦੇ ਕਿਸਾਨੀ ਮਸਲੇ ਸ਼ਾਮਲ ਹਨ। ਉਹਨਾਂ ਵੱਲੋਂ ਭਾਜਪਾ ਦੀ ਕੇਂਦਰੀ ਅਤੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਦਾ ਸੰਘਰਸ਼ ਕਰਨ ਦਾ ਸੰਵਿਧਾਨਕ ਜਮਹੂਰੀ ਕੁਚਲਣ ਲਈ ਅੱਥਰੂ ਗੈਸ ਦੇ, ਲਾਠੀਚਾਰਜ ਤੇ ਗੋਲੀਬਾਰੀ ਤੋਂ ਇਲਾਵਾ ਸੜਕਾਂ ਤੇ ਕੰਧਾਂ ਕੱਢਣ, ਕਿੱਲ ਗੱਡਣ ਤੇ ਇੰਟਰਨੈਟ ਬੰਦ ਕਰਨ

ਆਵਾਜ਼ਿ ਕੌਮ AWAZE QAUM International Newspaper & WEB TV

ਵਰਗੇ ਤਾਨਾਸ਼ਾਹੀ ਹੱਥ ਕੰਡਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਦੋਸ਼ ਲਾਇਆ ਕਿ ਕਾਲੇ ਖੇਤੀ ਕਾਨੂੰਨ ਰੱਦ ਕਰਵਾਉਣ ਵਾਲਾ ਦਿੱਲੀ ਅੰਦੋਲਨ ਮੁਲਤਵੀ ਕਰਨ ਮੌਕੇ ਕੇਂਦਰ ਸਰਕਾਰ ਵੱਲੋਂ ਲਿਖਤੀ ਭਰੋਸੇ ਦੇ ਬਾਵਜੂਦ ਕੋਈ ਵੀ ਮੰਗ ਲਾਗੂ ਨਾਂ ਕਰਨਾ ਸਰਕਾਰ ਦੇ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਘਰਾਣਿਆਂ ਪੱਖੀ ਕਿਰਦਾਰ ਨੂੰ ਪੂਰੀ ਤਰ੍ਹਾਂ ਨੰਗਾ ਕਰਦਾ ਹੈ। ਆਗੂਆਂ ਦੱਸਿਆ ਕਿ ਸਾਡਾ ਸੰਘਰਸ਼ ਹਰ ਕਿਸਮ ਦੀ ਕੁਰਬਾਨੀ ਦੇ ਕੇ ਵੀ ਜਾਰੀ ਰਹੇਗਾ ਅਤੇ ਮੋਦੀ ਹਕੂਮਤ ਨੂੰ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਮਜਬੂਰ ਕਰੇਗਾ। ਇਸ ਮੌਕੇ ਅਵਤਾਰ ਸਿੰਘ ਰਾਜਗੜ ਕੁੱਬੇ, ਸੋਨੂੰ ਅਜ਼ਾਦ ਲਹਿਰੀ ਪ੍ਰੈੱਸ ਸਕੱਤਰ ਬਲਾਕ, ਜਸਪਾਲ ਸਿੰਘ ਰਾਜਗੜ੍ਹ ਕੁੱਬੇ ਖਜਾਨਚੀ, ਪ੍ਰੀਤਮ ਸਿੰਘ ਰਾਮਸਰਾ, ਦਰਸ਼ਨ ਸਿੰਘ ਭਾਗੀਵਾਂਦਰ ਲਵਜੀਤ ਸਿੰਘ, ਬਲਕਰਨ ਸਿੰਘ ਜਗਜੀਤ ਸਿੰਘ ਘੁੰਮਣ, ਦਰਸ਼ਨ ਸਿੰਘ ਖਾਲਸਾ, ਜਗਜੀਤ ਸਿੰਘ ਤਰਖਾਣ ਵਾਲਾ ਬੂਟਾ ਸਿੰਘ ਅਤੇ ਗੁਰਦੀਪ ਸਿੰਘ ਭਾਗੀਵਾਂਦਰ ਹਾਜ਼ਰ ਸਨ।

ਜੈਨੇਸਿਸ ਡੈਂਟਲ ਕਾਲਜ ਦੀ ਟੀਮ ਨੇ

# ਮੱਲਾਂਵਾਲਾ ਵਿਖੇ ਲਾਇਆ ਮੁਫਤ ਚੈਕਅਪ ਕੈਂਪ

ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਮੱਲਾਂਵਾਲਾ ਸਥਿਤ ਸ੍ਰੀ ਗੁਰਦੁਆਰਾ ਸ਼ਹੀਦ ਸ਼ਾਮ ਸਿੰਘ ਅਟਾਰੀ ਫਤਹਿਗੜ੍ਹ ਸਭਰਾ ਵਿਖੇ ਦੰਦਾਂ ਦਾ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਾ: ਆਸ਼ਿਆ ਗੁਲ ਅਤੇ ਡਾ: ਪਾਰਬ੍ਰਹਮ ਨੇ ਬੱਚਿਆਂ ਨੂੰ ਦੰਦਾਂ ਦੀ ਸਫਾਈ, ਦੰਦਾਂ ਦੀਆਂ ਬਿਮਾਰੀਆਂ ਤੋਂ ਬਚਾਓ ਅਤੇ ਬਿਮਾਰੀਆਂ ਦੇ ਇਲਾਜ ਬਾਰੇ ਨੁਕਤੇ ਸਾਂਝੇ ਕਰਦਿਆਂ ਦੰਦਾਂ ਦੀ ਸਾਂਭ—ਸੰਭਾਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਡਾ: ਆਸ਼ਿਆ ਗੁਲ ਅਤੇ ਡਾ: ਪਾਰਬ੍ਰਹਮ ਨੇ ਮਰੀਜ਼ਾਂ ਨੂੰ ਦੰਦਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੇਕਰ ਦੰਦ ਨਿਕਲ ਜਾਣ ਤਾਂ ਸਵਾਦ ਵੀ ਖਤਮ ਹੋ ਜਾਂਦਾ ਹੈ, ਇਹ ਕਹਾਵਤ ਬਿਲਕੁਲ ਸਹੀ ਹੈ, ਜੇਕਰ ਦੰਦ ਹੋਣ ਤਾਂ ਜੀਵਨ ਤੰਦਰੁਸਤ ਰਹਿ ਸਕਦਾ ਹੈ। ਉਨ੍ਹਾਂ ਮਰੀਜਾਂ ਨੂੰ ਖਾਣ—ਪੀਣ ਵਾਲੀਆਂ ਵਸਤੂਆਂ ਨਾਲ ਦੰਦ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੰਦਿਆਂ ਸਿਹਤਮੰਦ ਭੋਜਣ ਖਾਣ ਲਈ ਪ੍ਰੇਰਿਤ ਕੀਤਾ ਤਾਂ ਜ਼ੋ ਸਿਹਤ ਤੰਦਰੁਸਤ ਰਹਿਣ ਦੇ ਨਾਲ—ਨਾਲ ਦੰਦਾਂ ਦੀ ਸੰਭਾਲ ਹੋ ਸਕੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਲਜ ਸਟਾਫ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਹਾਜ਼ਰ ਸਨ।




ਰੋਹ ਵਿਚ ਆਏ ਕਿਸਾਨਾਂ ਸਰਕਾਰ ਦੇ ਵਿਰੋਧ ਵਿਚ

# ਫ਼ਿਰੋਜ਼ਸ਼ਾਹ ਦਾ ਟੋਲ ਪਲਾਟਾ ਕਰਾਇਆ ਬੰਦ

ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਜ਼ਿਲਾ ਪ੍ਰਧਾਨ ਦਰਸ਼ਨ ਸਿੰਘ ਕੜਮਾਂ ਅਤੇ ਜ਼ਿਲਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ ਦੀ ਅਗਵਾਈ ਹੇਠ ਫਿਰੋਜ਼ਸ਼ਾਹ ਟੋਲ ਪਲਾਜ਼ਾ ਬੰਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਟੋਲ ਬੰਦ ਕਰਵਾਉਣ ਦਾ ਕਾਰਣ ਪਿਛਲੇ ਦਿਨਾਂ ਤੋਂ ਸ਼ੰਭੂ ਬਾਰਡਰ ਉਪਰ ਕਿਸਾਨਾਂ ਉਪਰ ਹਰਿਆਣਾ ਸਰਕਾਰ ਵੱਲੋਂ ਤਸ਼ੱਦਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਦੇਸ਼ ਦੀ ਰਾਜਧਾਨੀ ਵਿਚ ਜਾਣ ਤੋਂ ਰੋਕਿਆ ਜਾ ਰਿਹਾ ਹੈ, ਕਿਸਾਨਾਂ ਦੀ ਹਮਾਇਤ ਲਈ ਅੱਜ ਪੂਰੇ ਦਿਨ ਲਈ ਪੂਰੇ ਪੰਜਾਬ ਦੇ ਟੋਲ ਪਲਾਜ਼ਾ ਨੂੰ ਅੱਜ ਫਰੀ ਕੀਤਾ ਗਿਆ ਹੈ। ਇਸ ਮੌਕੇ ਜ਼ਿਲਾ ਖ਼ਜ਼ਾਨਚੀ ਜੰਗੀਰ ਸਿੰਘ ਖਹਿਰਾ ਨੇ ਬੋਲਦਿਆਂ ਕਿਹਾ ਕਿ ਜਿਸ ਤਰ੍ਹਾਂ ਕੇਂਦਰ ਅਤੇ ਹਰਿਆਣਾ ਦੀ ਸਰਕਾਰ ਕਿਸਾਨਾਂ ਉਪਰ ਜੁਲਮ ਢਾਹ ਰਹੀ ਹੈ ਉਹ ਤਾਂ ਤਾਨਾਸ਼ਾਹ ਰਾਜ ਦੀ ਝਲਕ ਹੈ। ਉਨ੍ਹਾਂ ਕਿਹਾ ਕਿ ਕਿਸਾਨ ਭਾਈਚਾਰਾ ਇਨ੍ਹਾਂ ਜਿਆਦਤੀਆਂ ਦਾ ਡੱਟ ਕੇ ਮੁਕਾਬਲਾ ਕਰੇਗੀ। ਇਸ ਮੌਕੇ ਜ਼ਿਲਾ ਮੈਂਬਰ ਸ਼ਮਸ਼ੇਰ ਸਿੰਘ ਸਹਿਜਾਦੀ ਘੱਲ ਬਲਾਕ ਪ੍ਰਧਾਨ ਸਾਹਿਬ ਸਿੰਘ ਵਾੜਾ ਭਾਈ ਕਾ ਰੇਸ਼ਮ ਸਿੰਘ ਬਲਵੰਤ ਸਿੰਘ ਜ਼ੀਰਾ ਬਲਾਕ ਪ੍ਰਧਾਨ ਪਰਨੀਤ ਸਿੰਘ ਭੜਾਣਾ ਪ੍ਰੇਮ ਸਿੰਘ ਸੁਰ ਸਿੰਘ ਵਾਲਾ ਡਾਕਟਰ ਪਰਮਜੀਤ ਸਿੰਘ ਫਿਰੋਜ਼ਪੁਰ ਬਲਾਕ ਤੋਂ ਅਮਰੀਕ ਸਿੰਘ ਪੱਲ੍ਹਾ ਮੇਘਾ ਮੱਘਰ ਸਿੰਘ ਜੋਗਿੰਦਰ ਸਿੰਘ ਨੂਰਪੁਰ, ਮਮਦੋਟ ਬਲਾਕ ਤੋਂ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਹਰਬੰਸ ਸਿੰਘ ਜੋਧਪੁਰ, ਮੇਜਰ ਸਿੰਘ ਚੰਦੀ, ਰਿੰਕੂ ਕੜਮਾਂ, ਮਹਿਲ ਸਿੰਘ, ਜਗਤਾਰ ਸਿੰਘ ਭੱਟੀਆਂ ਆਦਿ ਹਾਜ਼ਰ ਸਨ।



ਜੇ ਪੈਸਾ ਬੋਲਦਾ ਹੁੰਦਾ

# ਦੀ ਟੀਮ ਪੁੱਜੀ ਸਤਲੁਜ ਪ੍ਰੈੱਸ ਕਲੱਬ ਫ਼ਿਰੋਜ਼ਪੁਰ

ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਭੋਲੇ ਭਾਲੇ ਲੋਕਾਂ ਦੀ ਮਾਸੂਮੀਅਤ ਅਤੇ ਇਮਾਨਦਾਰੀ ਨੂੰ ਲੈ ਕੇ ਆ ਰਹੀ ਪੰਜਾਬੀ ਫੀਚਰ ਫਿਲਮ ਜੇ ਪੈਸਾ ਬੋਲਦਾ ਹੁੰਦਾ ਦੀ ਟੀਮ ਅੱਜ ਏਥੇ ਸਤਲੁਜ ਪ੍ਰੈੱਸ ਫ਼ਿਰੋਜ਼ਪੁਰ ਵਿਖੇ ਪੁੱਜੀ ਜਿੱਥੇ ਉਨ੍ਹਾਂ ਫ਼ਿਲਮ ਬਾਬਤ ਅਤੇ ਜ਼ਿੰਦਗੀ ਦੇ ਕਿੱਸੇ ਸ਼ੇਅਰ ਕੀਤੇ। ਫਿਲਮ ਦੀ ਪ੍ਰਮੋਸ਼ਨ ਲਈ ਪੁੱਜੀ ਟੀਮ ਵਿਚ ਪ੍ਰਸਿੱਧ ਗਾਇਕ ਅਦਾਕਾਰ ਹਰਦੀਪ ਗਰੇਵਾਲ (ਤੁਣਕਾ ਤੁਣਕਾ ਕਰਕੇ ਗੁੱਡੀ ਚੜ੍ਹਦੀ ਹੁੰਦੀ ਐ ਫੇਮ), ਅਦਾਕਾਰਾ ਇਹਾਨਾ ਢਿੱਲੋਂ, ਰਾਜ ਧਾਲੀਵਾਲ, ਨਿਰਦੇਸ਼ਕ ਮਨਪ੍ਰੀਤ ਬਰਾੜ ਅਤੇ ਹਰਿੰਦਰ ਭੁੱਲਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਗੱਲਬਾਤ ਕਰਦਿਆਂ ਹਰਦੀਪ ਗਰੇਵਾਲ ਨੇ ਕਿਹਾ ਕਿ ਇਹ ਉਨ੍ਹਾਂ ਦੀ ਤੀਜੀ ਪੰਜਾਬੀ ਫਿਲਮ ਹੈ ਅਤੇ ਹਰ ਵਾਰ ਦੀ ਤਰ੍ਹਾਂ ਉਨ੍ਹਾਂ ਇਸ ਫਿਲਮ ਲਈ ਵੀ ਪੂਰੀ ਮੇਹਨਤ ਕੀਤੀ ਹੈ। ਇਸ ਮੌਕੇ ਹਰਦੀਪ ਗਰੇਵਾਲ ਨੇ ਆਪਣਾ ਪ੍ਰਸਿੱਧ ਗੀਤ ਤੁਣਕਾ ਤੁਣਕਾ ਕਰਕੇ ਗੁੱਡੀ ਚੜ੍ਹਦੀ ਹੁੰਦੀ ਆ ਵੀ ਗਾਇਆ। ਅਦਾਕਾਰਾ ਇਹਾਨਾ ਢਿੱਲੋਂ ਨੇ ਕਿਹਾ ਕਿ ਉਹ ਫ਼ਿਲਮ ਦੇ ਨਿਰਮਾਤਾ ਵੀ ਹਨ ਅਤੇ ਉਨ੍ਹਾਂ ਨੇ ਇਸ ਫਿਲਮ ਵਿਚ ਪਿਛਲੇ ਕੰਮਾਂ ਨਾਲੋਂ ਵੱਖਰਾ ਕੀਤਾ ਹੈ ਜੋ ਲੋਕਾਂ ਨੂੰ ਪਸੰਦ ਆਵੇਗਾ ਅਤੇ ਅੱਜ ਤੱਕ 80 ਦੇ ਕਰੀਬ ਫ਼ਿਲਮਾਂ ਕਰ ਚੁੱਕੀ ਰਾਜ ਧਾਲੀਵਾਲ ਨੇ ਵੀ ਫ਼ਿਲਮ ਬਾਰੇ ਆਪਣੇ ਤਜ਼ੁਰਬੇ ਸਾਂਝੇ ਕੀਤੇ। ਫਿਲਮ ਦੇ ਨਿਰਦੇਸ਼ਕ ਮਨਪ੍ਰੀਤ ਬਰਾੜ ਨੇ ਕਿਹਾ ਕਿ ਜੇ ਪੈਸਾ ਬੋਲਦਾ ਹੁੰਦਾ ਉਨ੍ਹਾਂ ਦੀ ਚੌਥੀ ਫਿਲਮ ਹੈ ਜੋ 23 ਫਰਵਰੀ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਸ੍ਰੀ ਬਰਾੜ ਨੇ ਕਿਹਾ ਕਿ ਇਸ ਫਿਲਮ ਵਾਸਤੇ ਉਨ੍ਹਾਂ ਨੇ ਦਿਨ ਰਾਤ ਇੱਕ ਕੀਤਾ ਹੈ ਅਤੇ ਆਸ ਹੈ ਕਿ ਫਿਲਮ ਦਰਸ਼ਕਾਂ ਦੀ ਕਸਵੱਟੀ ਤੇ ਖ਼ਰੀ ਉੱਤਰੇਗੀ। ਕਲਾਕਾਰਾਂ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਅਮਨ ਸਿੱਧੂ ਨੇ ਲਿਖੀ ਹੈ ਅਤੇ ਪ੍ਰੋਡਿਊਸਰ ਇਹਾਨਾ ਢਿੱਲੋਂ ਅਤੇ ਸਰਬਜੀਤ ਬਾਸੀ ਹਨ। ਉਕਤ ਅਦਾਕਾਰਾਂ ਤੋਂ ਇਲਾਵਾ ਫ਼ਿਲਮ ਵਿਚ ਮਿੰਟੂ ਕਾਪਾ, ਸੁਖਵਿੰਦਰ ਰਾਜ, ਮਲਕੀਤ ਰੌਣੀ, ਜੱਗੀ ਧੂਰੀ ਆਦਿ ਨੇ ਭੂਮਿਕਾਵਾਂ ਨਿਭਾਈਆਂ ਹਨ। ਗੀਤ ਸਵ: ਸੁਰਜੀਤ ਬਿੰਦਰਖੀਆ, ਹਰਦੀਪ ਗਰੇਵਾਲ, ਜਾਵੇਦ ਅਲੀ ਅਤੇ ਸੁਲਤਾਨਾ ਨੇ ਗਾਏ ਹਨ।



ਮੰਗਾਂ ਦੀ ਪੂਰਤੀ ਲਈ ਵਿੱਢੇ

# ਸੰਘਰਸ਼ ਨੂੰ ਤਿਖਾ ਕਰਨ ਲਈ ਸਾਬਕਾ ਸੈਨਿਕਾਂ ਦੀ ਹੋਈ ਮੀਟਿੰਗ

**ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :—** ਸਾਬਕਾ ਸੈਨਿਕ ਸੰਘਰਸ਼ ਕਮੇਟੀ ਫ਼ਿਰੋਜ਼ਪੁਰ ਦੀ ਮੀਟਿੰਗ ਪ੍ਰਤਾਪ ਨਗਰ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਦੀ ਅਗਵਾਈ ਚੇਅਰਮੈਨ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰ ਵੱਲੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਸਾਬਕਾ ਸੈਨਿਕ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਹੋ ਰਹੀਆਂ ਮੀਟਿੰਗਾਂ ਦੌਰਾਨ ਲਏ ਗਏ ਫੈਸਲਿਆਂ ਤੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਆਗੂਆਂ ਨੇ ਕਿਹਾ ਕਿ ਜੰਤਰ ਮੰਤਰ ਤੇ ਚੱਲ ਰਹੇ ਸੰਕੇਤਕ ਧਰਨੇ ਨੂੰ 20 ਫਰਵਰ 2024 ਨੂੰ ਇਕ ਸਾਲ ਪੂਰਾ ਹੋਣ ਜਾ ਰਿਹਾ ਹੈ, ਜਿਸ ਤੇ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਕੋਈ ਪਹਿਲ ਕਦਮੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ 20 ਫਰਵਰੀ ਨੂੰ ਸਾਰੀਆਂ ਜਥੇਬੰਦੀਆਂ ਦੀ ਲੀਡਰਸ਼ਿਪ ਜੰਤਰ ਮੰਤਰ ਤੇ ਇਕੱਠੀਆਂ ਹੋ ਕੇ ਨਵਾਂ ਪ੍ਰੋਗਰਾਮ ਉਲੀਕਣ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦਾਸ ਐਂਡ ਬਰਾਊਨ ਸਕੂਲ ਵੱਲੋਂ ਸਾਬਕਾ ਸੈਨਿਕਾਂ ਦੇ ਬੱਚਿਆਂ ਨੂੰ ਅਡਮਿਸ਼ਨ ਅਤੇ ਫੀਸਾਂ ਵਿਚ ਛੋਟ ਦੇਣ ਸਬੰਧੀ ਜਾਣਕਾਰੀ ਦਿੱਤੀ ਹੈ, ਜਿਸ ਦੀ ਉਹ ਸਰਾਹਨਾ ਕਰਦੇ ਹਨ। ਮੀਟਿੰਗ ਵਿਚ ਹਾਜ਼ਰ ਸਵਰਗੀ ਸਾਬਕਾ ਸੈਨਿਕ ਰਘਬੀਰ ਸਿੰਘ ਦੇ ਪਰਿਵਾਰ ਵੱਲੋਂ ਕਿਸੇ ਸ਼ਰਾਰਤੀ ਅਨਸਰਾਂ ਦੁਆਰਾ ਉਨ੍ਹਾਂ ਦੀ ਜਮੀਨ ਪਰ ਕਬਜ਼ਾ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਮੱਦਦ ਦੀ ਗੁਹਾਰ ਲਗਾਈ, ਜਿਸ ਤੇ ਸਾਬਕਾ ਸੈਲਿਕ ਸੰਘਰਸ਼ ਕਮੇਟੀ ਫ਼ਿਰੋਜ਼ਪੁਰ ਵੱਲੋਂ ਉਨ੍ਹਾਂ ਦੀ ਮੱਦਦ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਕੈਪਟਨ ਲਖਵਿੰਦਰ ਸਿੰਘ, ਬਲਵਿੰਦਰ ਸਿੰਘ, ਬਗੀਚਾ ਸਿੰਘ, ਅਮਰਜੀਤ ਸਿੰਘ, ਸੂਬੇਦਾਰ ਸਰਵਨ ਸਿੰਘ, ਗੁਰਮੇਲ ਸਿੰਘ, ਗੁਲਾਬ ਸਿੰਘ, ਰਣਜੀਤ ਸਿੰਘ, ਸੰਤੋਖ ਸਿੰਘ, ਸਾਰਜੈਂਟ ਜ਼ੋਗਿੰਦਰ ਸਿੰਘ, ਹੌਲਦਾਰ ਰਣਜੀਤ ਸਿੰਘ, ਮਨਜੀਤ ਸਿੰਘ, ਜਬਰ ਸਿੰਘ, ਰਤਨ ਸਿੰਘ, ਨਿਹਾਲ ਸਿੰਘ, ਦਰਬਾਰਾ ਸਿੰਘ, ਗੁਲਜਾਰ ਸਿੰਘ, ਅਵਤਾਰ ਸਿੰਘ, ਰਾਮ ਸਿੰਘ, ਨਾਇਕ ਹਰਜੀਤ ਸਿੰਘ, ਜਰਨੈਲ ਸਿੰਘ, ਅਮਰਜੀਤ ਸਿੰਘ, ਦਰਸ਼ਨ ਸਿੰਘ, ਫੁੰਮਣ ਸਿੰਘ, ਸੁਬੇਗ ਸਿੰਘ ਆਦਿ ਹਾਜ਼ਰ ਸਨ, ਜਿਨ੍ਹਾਂ ਸਰਕਾਰ ਨੂੰ ਅੜੀਅਤ ਵਤੀਰਾ ਛੱਡ ਸਾਬਕਾ ਸੈਨਿਕਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਗੁਹਾਰ ਲਗਾਈ।




# ਸਾਬਕਾ ਬਲਾਕ ਸੰਮਤੀ ਮੈਂਬਰ ਰੰਜਨਾ ਟੱਕਰ ਤੇ ਅਵਤਾਰ ਟੱਕਰ ਵੱਲੋਂ ਬਾਬਾ ਬੁੱਢਾ ਸਾਹਿਬ ਵਿਖੇ ਪਹੁੰਚ ਕੇ ਕਿਸਾਨੀ ਸੰਘਰਸ਼ ਦੀ ਚੜ੍ਹਦੀ ਕਲ੍ਹਾ ਲਈ ਅਰਦਾਸ ਕੀਤੀ



ਜੰਡਿਆਲਾ ਗੁਰੂ 19 ਫਰਵਰੀ ( ਕੁਲਵੰਤ ਸਿੰਘ ਵਿਰਦੀ) ਅੱਜ ਕਾਂਗਰਸ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀ ਮਤੀ ਰੰਜਨਾ ਟੱਕਰ ਸਾਬਕਾ ਬਲਾਕ ਸੰਮਤੀ ਮੈਂਬਰ ਜਾਣੀਆਂ ਵੱਲੋਂ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਵਿਖੇ ਦਰਸ਼ਨ ਦੀਦਾਰੇ ਕਰਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਗਵਾਈ ਗਈ ਅਤੇ ਜਿਥੇ ਟੱਕਰ ਨੇ ਆਪਣੇ ਪ੍ਰੀਵਾਰ ਦੀ ਚੜ੍ਹਦੀ ਕਲ੍ਹਾ ਤੇ ਤੰਦਰੁਸਤੀ ਲਈ ਅਰਦਾਸ ਕੀਤੀ ਉੱਥੇ ਹੀ ਦੇਸ਼ ਵਿਚ ਅਨਾਜ਼ ਦਾ ਭੰਡਾਰ ਪੈਦਾ ਕਰਨ ਵਾਲੇ ਕਿਸਾਨਾਂ ਵੱਲੋਂ ਸੜਕਾਂ ਤੇ ਦਿਨ ਰਾਤ ਬਤੀਤ ਕਰ ਕੇ ਚਲਾਏ ਜਾ ਰਹੇ ਕਿਸਾਨੀ ਸੰਘਰਸ਼ ਦੀ ਚੜ੍ਹਦੀ ਕਲ੍ਹਾ ਦੇਸ਼ ਵਿਚ ਭਾਈਚਾਰਕ ਸਾਂਝ ਲਈ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ 9 ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਅਵਤਾਰ ਸਿੰਘ ਟੱਕਰ ਨੇ ਕਿਹਾ ਕਿ ਜਿੱਥੇ ਕੋਈ ਵੀ ਸਰਕਾਰ ਪੈਰੋਕਾਰ ਜਾ ਸੰਗੀ ਸਾਥੀ ਨਹੀਂ ਕੰਮ ਆਉਂਦੇ ਉੱਥੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਕੀਤੀ ਅਰਦਾਸ ਪ੍ਰਵਾਨ ਹੁੰਦੀ ਹੈ ਮੈਂ ਆਸ ਕਰਦਾ ਹਾਂ ਕਿ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਕਿਸਾਨੀ ਮੋਰਚੇ ਨੂੰ ਚੜ੍ਹਦੀ ਕਲ੍ਹਾ ਬਖ਼ਸ਼ਣਗੇ ਅਤੇ ਦੇਸ਼ ਵਿਚ ਅਮਨਸ਼ਾਂਤੀ ਤੇ ਭਾਈਚਾਰਕ ਸਾਂਝ ਵਿੱਚ ਪਿਆਰ ਬਰਕਰਾਰ ਰਹੇਗਾ।

# ਨਰਿੰਦਰ ਮੋਦੀ, ਅਮਿਤ ਸਾਹ, ਖੱਟੜ ਸਰਕਾਰ ਵੱਲੋ ਕਿਸਾਨਾਂ ਤੇ ਤਸ਼ੱਦਦ ਦੀ ਨਿਖੇਧੀ—ਭੁੱਲਰ

ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਕੇਂਦਰ ਅਤੇ ਹਰਿਆਣਾ ਸਰਕਾਰ ਤੇ ਗਰਜਦਿਆਂ ਗੁਰਚਰਨ ਸਿੰਘ ਭੁੱਲਰ ਜ਼ਿਲਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫਿਰੋਜ਼ਪੁਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਵਜ਼ੀਰ ਅਮਿਤ ਸਾਹ ਅਤੇ ਹਰਿਆਣਾ ਖੱਟੜ ਸਰਕਾਰ ਦੀ ਕਿਸਾਨ ਜੰਥੇਬੰਦੀਆ ਤੇ ਕੀਤੇ ਜਾ ਰਹੇ ਜਬਰ ਜੁਲਮ ਦੀ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲਾ ਫਿਰੋਜ਼ਪੁਰ ਪੁਰਜੋਰ ਨਿਖੇਧੀ ਕਰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਸੜਕਾਂ ਤੇ ਸ਼ੰਭੂ ਬਾਰਡਰ, ਖਨੌਰੀ ਬਾਰਡਰ ਅਤੇ ਦਿੱਲੀ ਦੇ ਚਾਰ ਚੁਫੇਰੇ ਬਾਰਡਰ ਸੀਲ ਕਰਕੇ ਸੜਕਾਂ ਤੇ ਕੰਕਰੀਟ ਨਾਲ ਕੰਧਾਂ ਕਰਕੇ ਸੜਕਾਂ ਵਿੱਚ ਤਿਖੇ ਸਰੀਏ ਗੱਡ ਕੇ ਕੀ ਸਾਬਤ ਕਰਨਾ ਚਾਹੁਦੀ ਹੈ ਕਿ ਕਿਸਾਨ ਇਸ ਦੇਸ਼ ਦੇ ਬਸ਼ਿੰਦੇ ਨਹੀ ਹਨ। ਉਨ੍ਹਾਂ ਕਿਹਾ ਕਿ ਸਰਹੱਦਾਂ ਸੀਲ ਕਰਕੇ ਭਾਰਤ ਸਰਕਾਰ ਬੇਗਾਨਿਆਂ ਵਾਲਾ ਸਲੂਕ ਕਰ ਰਹੀ ਹੈ ਅਤੇ ਕਿਸਾਨਾਂ ਤੇ ਅੱਥਰੂ ਗੈਸਾਂ ਦੇ ਗੋਲੇ ਦਾਗ ਕੇ, ਗੋਲੀਆਂ ਚਲਾ ਕੇ, ਲਾਠੀਚਾਰਜ ਕਰਕੇ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਜਿਹੜੇ ਲੋਕਾਂ ਨੇ ਇਸ ਦੇਸ਼ ਵਿੱਚ ਅੰਨ ਪੈਦਾ ਕਰਕੇ ਭਾਰਤ ਨੂੰ ਦੂਜੇ ਦੇਸ਼ਾਂ ਤੋਂ ਆਉਣ ਵਾਲੀਆਂ ਵਸਤੂਆਂ ਤੋਂ ਨਿਜਾਤ ਦਵਾਈ ਹੈ ਉਨ੍ਹਾਂ ਨੂੰ ਅੱਜ ਸੜਕਾਂ ਤੇ ਜਬਰ ਜ਼ੁਲਮ ਕਰਕੇ ਦਬਾਇਆ ਜਾ ਰਿਹਾ ਹੈ। ਇਸ ਸਮੇ ਪਰਗਟ ਸਿੰਘ ਵਾਹਕੇ, ਬੋਹੜ ਸਿੰਘ ਥਿੰਦ, ਸੁੱਚਾ ਸਿੰਘ ਮੁਹਾਲਮ, ਸੁੱਚਾ ਸਿੰਘ ਬਸਤੀ ਭਾਨੇ ਵਾਲਾ, ਹਰਪ੍ਰੀਤ ਸਿੰਘ, ਦਰਸਨ ਸਿੰਘ ਅਤੇ ਸੁਖਵੰਤ ਸਿੰਘ ਸਤੀਏ ਵਾਲਾ, ਸਰਵਨ ਸਿੰਘ, ਬਲਵਿੰਦਰ ਸਿੰਘ, ਵੀਰ ਸਿੰਘ, ਮਹਿਤਾਬ ਸਿੰਘ, ਸਤਨਾਮ ਸਿੰਘ, ਰਾਜਬੀਰ ਸਿੰਘ ਸਾਰੇ ਮੁਹਾਲਮ, ਭਾਗ ਸਿੰਘ ਫੱਤੇਵਾਲਾ ਆਦਿ ਨੇ ਵੀ ਕਿਸਾਨਾਂ ਤੇ ਜਬਰ ਜੁਲਮ ਦੀ ਨਿਖੇਧੀ ਕੀਤੀ।



ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਦੇ

# ਵਿਦਿਆਰਥੀਆਂ ਕੀਤਾ ਸਾਇੰਸ ਸਿਟੀ ਦਾ ਦੌਰਾ



ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਮੋਗਾ ਰੋਡ 'ਤੇ ਸਥਿਤ ਟੀ.ਬੀ.ਐੱਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ—ਰੇਖ ਹੇਠ ਚੱਲ ਰਿਹਾ ਹੈ। ਸਕੂਲ ਵੱਲੋਂ ਆਉਣ ਵਾਲੇ ਰਾਸ਼ਟਰੀ ਵਿਗਿਆਨ ਦਿਵਸ ਨੂੰ ਮਨਾਉਣ ਲਈ ਸਾਇੰਸ ਸਿਟੀ ਦੀ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਦਿਆਰਥੀਆਂ ਨੂੰ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਦੀ ਇੱਕ ਰੋਜ਼ਾ ਯਾਤਰਾ ਤੇ ਲਿਜਾਇਆ ਗਿਆ ਅਤੇ ਇਸ ਸਮੇਂ ਸਕੂਲ ਦੇ ਅਧਿਆਪਕ ਵੀ ਵਿਦਿਆਰਥੀਆਂ ਦੇ ਨਾਲ ਗਏ। ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਯਾਤਰਾ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਵਿੱਚ ਵਿਗਿਆਨ ਅਤੇ ਗਣਿਤ ਵਰਗੇ ਵਿਸ਼ਿਆਂ ਵਿੱਚ ਰੁਚੀ ਪੈਦਾ ਕਰਨਾ ਹੈ। ਵਿਦਿਆਰਥੀਆਂ ਵਿੱਚ ਵਿਗਿਆਨ ਅਤੇ ਗਣਿਤ ਵਿੱਚ ਰੁਚੀ ਵਧਾਉਣ ਦੇ ਉਦੇਸ਼ ਨਾਲ ਸਾਇੰਸ ਸਿਟੀ ਟ੍ਰਿਪ ਦਾ ਆਯੋਜਨ ਕੀਤਾ ਗਿਆ। ਇਹ ਯਾਤਰਾ ਬੱਚਿਆਂ ਲਈ ਬਹੁਤ ਹੀ ਆਨੰਦਮਈ ਅਤੇ ਜਾਣਕਾਰੀ ਭਰਪੂਰ ਸੀ। ਸਾਇੰਸ ਸਿਟੀ ਵਿੱਚ ਵਿਦਿਆਰਥੀਆਂ ਨੇ ਵਿਗਿਆਨ ਦੇ ਅਜੂਬਿਆਂ ਅਤੇ ਪੁਲਾੜ ਦੇ ਰਹੱਸਾਂ ਬਾਰੇ ਜਾਣਿਆ ਅਤੇ ਬਹੁਤ ਸਾਰੀਆਂ ਹੈਰਾਨੀਜਨਕ ਚੀਜ਼ਾਂ ਦੇਖੀਆਂ ਅਤੇ ਵਿਗਿਆਨ ਅਤੇ ਗਣਿਤ ਸਬੰਧੀ ਬਹੁਤ ਸਾਰੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਯਾਤਰਾਵਾਂ ਬੱਚਿਆਂ ਨੂੰ ਕੇਵਲ ਥਿਊਰੀ ਹੀ ਨਹੀਂ ਬਲਕਿ ਵਿਹਾਰਕਤਾ ਵੀ ਸਿਖਾਉਂਦੀਆਂ ਹਨ ਅਤੇ ਭਵਿੱਖ ਵਿੱਚ ਵੀ ਅਸੀਂ ਸਿੱਖਿਆ ਨਾਲ ਸਬੰਧਤ ਅਜਿਹੇ ਦੌਰਿਆਂ ਅਤੇ ਯਾਤਰਾਵਾਂ ਦਾ ਆਯੋਜਨ ਕਰਦੇ ਰਹਾਂਗੇ ਤਾਂ ਜੋ ਵਿਦਿਆਰਥੀਆਂ ਨੂੰ ਭਵਿੱਖ ਲਈ ਸੇਧ ਮਿਲਦੀ ਰਹੇ।




ਬੀ.ਕੇ.ਯੂ. ਖੋਸਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ

# ਬਹੁਤ ਵੱਡੇ ਕੇਡਰ ਸਮੇਤ ਮੋਰਚਿਆਂ ਵਿੱਚ ਡਟੇ—ਮਨਜੀਤ ਸਿੰਘ ਔਲਖ







ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਆਪਣੇ ਬਹੁਤ ਵੱਡੇ ਕੇਡਰ ਸਮੇਤ ਹਜ਼ਾਰਾਂ ਵਰਕਰਾਂ ਅਹੁਦੇਦਾਰਾਂ ਅਤੇ ਹਜ਼ਾਰਾਂ ਵਹੀਕਲ ਟਰੈਕਟਰ ਟਰਾਲੀਆਂ ਕਾਰਾਂ ਜੀਪਾਂ ਤੇ ਖਾਣ ਪੀਣ ਦੀਆਂ ਜ਼ਰੂਰੀ ਵਸਤੂਆਂ ਸਮੇਤ ਪਹਿਲੇ ਦਿਨ ਤੋਂ ਹੀ ਪੰਜਾਬ ਹਰਿਆਣਾ ਦੇ ਖਨੌਰੀ ਬਾਰਡਰ ਤੇ ਕਿਸਾਨ ਮੋਰਚੇ ਵਿੱਚ ਡਟੇ ਹੋਏ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਫਤਿਹ ਸਿੰਘ ਕੋਟ ਕਰੋੜ ਸੀਨੀਅਰ ਸੂਬਾ ਮੀਤ ਪ੍ਰਧਾਨ ਪੰਜਾਬ, ਜਸਬੀਰ ਸਿੰਘ ਝਾਮਕਾ ਸੂਬਾ ਮੀਤ ਪ੍ਰਧਾਨ ਪੰਜਾਬ, ਗੁਰਵੰਤ ਸਿੰਘ ਪਜਾਵਾ ਸੂਬਾ ਜਨਰਲ ਸਕੱਤਰ ਪੰਜਾਬ, ਮਨਜੀਤ ਸਿੰਘ ਔਲਖ ਸੂਬਾ ਮੀਤ ਪ੍ਰਧਾਨ ਪੰਜਾਬ ਨੇ ਦੱਸਿਆ ਕਿ 13 ਫਰਵਰੀ ਨੂੰ ਖੋਸਾ ਜਥੇਬੰਦੀ ਦੇ ਵੱਖ—ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਆਪੋ ਆਪਣੇ ਸਾਧਨਾਂ ਟਰੈਕਟਰ ਟਰਾਲੀਆਂ ਨਾਲ ਵੱਖ—ਵੱਖ ਬਾਰਡਰਾਂ ਤੇ ਪਹੁੰਚੇ ਹੋਏ ਹਨ। ਉਨ੍ਹਾਂ ਕਿਹਾ ਕਿ ਜਾਣਕਾਰੀ ਦੇ ਅਨੁਸਾਰ ਸੰਘਰਸ਼ ਦੌਰਾਨ ਜਥੇਬੰਦੀ ਦੇ ਜੁਝਾਰੂ ਕਿਸਾਨ ਗੰਭੀਰ ਜਖਮੀ ਵੀ ਹੋਇਆ ਹਨ, ਪਰ ਜਾਬਰ ਅਤੇ ਜ਼ੁਲਮ ਦੇ ਖਿਲਾਫ ਮੋਰਚਿਆਂ ਤੇ ਡਟੇ ਹੋਏ ਹਨ। ਅੱਗੇ ਆਗੂਆਂ ਨੇ ਬੋਲਦਿਆਂ ਕਿਹਾ ਜੇਕਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀ ਮੰਨਦੀ ਤਾਂ ਉਨਾ ਕੋਲ ਪੰਜਾਬ ਹਰਿਆਣਾ ਬਾਰਡਰ ਤੋਂ ਅੱਗੇ ਵਧਣ ਤੋਂ ਇਲਾਵਾ ਹੋਰ ਕੋਈ ਬਦਲ ਨਹੀ ਰਹਿ ਜਾਂਦਾ। ਉਨ੍ਹਾਂ ਕਿਹਾ ਸਰਕਾਰਾਂ ਸਾਡੇ ਪੁੱਤਰਾਂ ਨੂੰ ਆਪਸ ਵਿਚ ਲੜਾ ਰਹੀਆਂ ਹਨ, ਜਿਹੜੇ ਨੋਜਵਾਨ ਵਰਦੀ ਪਾ ਕੇ ਬਾਰਡਰਾਂ ਤੇ ਸਾਨੂੰ ਰੋਕਣ ਲਈ ਡਿਊਟੀ ਕਰ ਰਹੇ ਹਨ ਉਹ ਵੀ ਸਾਡੇ ਪੁੱਤਰ ਹਨ ਜਿਹੜੇ ਨੌਜਵਾਨ ਕਿਸਾਨੀ ਦਾ ਝੰਡੇ ਚੁੱਕੀ ਆਪਣੀ ਹੱਕੀ ਮੰਗਾਂ ਲਈ ਕੇਂਦਰ ਦੇ ਬੂਹੇ ਜਾਣਾ ਚਾਹੁੰਦੇ ਹਨ ਉਹ ਸਾਡੇ ਪੁੱਤਰ ਹਨ। ਉਨ੍ਹਾਂ ਕਿਹਾ ਕਿ ਕਿਸਾਨ ਇਸ ਲਈ ਮੋਰਚਿਆਂ ਤੇ ਅਜੇ ਸ਼ਾਂਤ ਬੈਠਾ ਤੇ ਕੇਂਦਰ ਸਰਕਾਰ ਕਿਸਾਨਾਂ ਦਾ ਸਬਰ ਪਰਖ ਰਹੀ ਹੈ। ਕਿਸਾਨ ਆਗੂ ਫਤਿਹ ਸਿੰਘ ਕੋਟ ਕਰੋੜ ਨੇ ਬੋਲਦਿਆਂ ਕਿਹਾ ਦਿੱਲੀ ਕਈ ਵਾਰ ਜਿੱਤ ਕੇ ਛੱਡੀ ਕਿਸੇ ਵੀ ਕੀਮਤ ਤੇ ਪਿੱਛੇ ਨਹੀਂ ਹੱਟਿਆ ਜਾਵੇਗਾ, ਹਰ ਹਾਲਤ ਵਿੱਚ ਕਿਸਾਨ ਅੱਗੇ ਦਿੱਲੀ ਵੱਲ ਵੱਧਣਗੇ, ਪਰ ਕੇਂਦਰ ਸਰਕਾਰ ਦੇ ਇਸ਼ਾਰਿਆਂ ਤੇ ਹਰਿਆਣਾ ਦੀ ਖੱਟਰ ਸਰਕਾਰ ਕਿਸਾਨਾਂ ਤੇ ਅੱਤਿਆਚਾਰ ਕਰ ਰਹੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਰਾਸਤਾ ਖੋਲੇ ਅਤੇ ਕਿਸਾਨ ਬਹੁਤ ਸ਼ਾਤਮਈ ਤਰੀਕੇ ਨਾਲ ਦਿੱਲੀ ਬੈਠ ਕੇ ਕਿਸਾਨਾਂ ਦੇ ਰਹਿੰਦੇ ਮਸਲਿਆਂ ਨੂੰ ਪੂਰਾ ਕਰਾਉਣਗੇ। ਇਸ ਮੌਕੇ ਬਾਰਡਰਾ ਤੇ ਸੁਰਜੀਤ ਸਿੰਘ ਸੱਗੂ, ਦਲੀਪ ਸਿੰਘ ਐਸ.ਡੀ.ਉ, ਜਗਜੀਤ ਸਿੰਘ ਰਣੀਆਂ ਮੀਤ ਪ੍ਰਧਾਨ ਪੰਜਾਬ, ਜਸਵੀਰ ਸਿੰਘ ਝਾਮਕਾ ਮੀਤ ਪ੍ਰਧਾਨ ਪੰਜਾਬ, ਸੁਖਮੰਦਰ ਸਿੰਘ ਉੱਗੋਕੇ ਜਿਲਾ ਪ੍ਰਧਾਨ ਮੋਗਾ, ਬਲਵੀਰ ਸਿੰਘ ਫੌਜੀ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ, ਜਥੇਦਾਰ ਗੁਰਦੀਪ ਸਿੰਘ ਜਿਲਾ ਸੀਨੀਅਰ ਮੀਤ ਪ੍ਰਧਾਨ ਮੋਗਾ, ਇਕਾਈ ਪ੍ਰਧਾਨ ਬਲਜੀਤ ਸਿੰਘ ਭਲੂਰ, ਪਰਮਜੀਤ ਸਿੰਘ ਜਿਲਾ ਪ੍ਰਧਾਨ ਫਿਰੋਜਪੁਰ, ਸਰਪੰਚ ਗੁਰਜੰਟ ਸਿੰਘ ਜਿਲਾ ਪ੍ਰਧਾਨ ਫਰੀਦਕੋਟ, ਰਜਿੰਦਰ ਸਿੰਘ ਜਰਨਲ ਸਕੱਤਰ ਫਰੀਦਕੋਟ ਇਕਾਈ ਮੀਤ ਪ੍ਰਧਾਨ ਧੂੜਕੋਟ, ਬੁੱਧ ਸਿੰਘ, ਦਵਿੰਦਰ ਸਿੰਘ ਇਕਾਈ ਪ੍ਰਧਾਨ ਕੋਟਕਰੋੜ, ਬਲਾਕ ਪ੍ਰਧਾਨ ਘੱਲ ਖੁਰਦ ਬਿਕਰਮਜੀਤ ਸਿੰਘ, ਮੀਤ ਪ੍ਰਧਾਨ ਪੰਜਾਬ ਜਸਬੀਰ ਸਿੰਘ, ਰਣਜੀਤ ਸਿੰਘ, ਮੋਹਨ ਸਿੰਘ, ਬਲਾਕ ਪ੍ਰਧਾਨ ਬਾਘਾਪੁਰਾਣਾ ਸੁਰਜੀਤ ਸਿੰਘ ਵਿਰਕ, ਇਕਾਈ ਪ੍ਰਧਾਨ ਸਮਾਧ ਭਾਈ ਗੁਰਪ੍ਰੀਤ ਸਿੰਘ, ਜੱਸਾ ਸਮਾਧ ਭਾਈ, ਚੰਦ ਸਿੰਘ, ਚਮਕੌਰ ਸਿੰਘ, ਅਜੀਤ ਸਿੰਘ, ਗੁਰਸੇਵਕ ਸਿੰਘ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਭਰਾ ਹਾਜਰ ਸਨ।

# ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ 10 ਮਾਰਚ ਨੂੰ ਹੋਣਗੇ ਸਮਾਗਮ





ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ ਕਾਰ ਸੇਵਾ ਦੇ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਸਲਾਨਾ ਗੁਰਮਤਿ ਸਮਾਗਮ 10 ਮਾਰਚ ਨੂੰ ਕਰਵਾਏ ਜਾ ਰਹੇ ਹਨ। ਬਾਬਾ ਹਰਭਜਨ ਸਿੰਘ, ਬਾਬਾ ਸਤਿਨਾਮ ਸਿੰਘ, ਬਾਬਾ ਗੁਰਬਚਨ ਸਿੰਘ, ਬਾਬਾ ਜ਼ਸਵਿੰਦਰ ਸਿੰਘ ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਰ ਸੇਵਾ ਦੇ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਸਲਾਨਾ ਗੁਰਮਤਿ ਸਮਾਗਮ 10 ਮਾਰਚ 2024 ਦਿਨ ਐਤਵਾਰ (27 ਫੱਗਣ) ਮੱਸਿਆ ਵਾਲੇ ਦਿਨ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਹਰਭਜਨ ਸਿੰਘ, ਬਾਬਾ ਸਤਿਨਾਮ ਸਿੰਘ, ਬਾਬਾ ਗੁਰਬਚਨ ਸਿੰਘ, ਬਾਬਾ ਜ਼ਸਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਨ੍ਹਾਂ ਮਹਾਂਪੁਰਖਾਂ ਨੇ ਸਾਰੀ ਉਮਰ ਕਾਰ ਸੇਵਾ ਕੀਤੀ, ਜਿਨ੍ਹਾਂ ਵਿਚ ਸੰਤ ਬਾਬਾ ਬੀਰਮ ਦਾਸ ਜੀ ਦੀ ਪ੍ਰੇਰਨਾ ਨਾਲ ਸੰਤ ਬਾਬਾ ਗੁਰਮੁੱਖ ਸਿੰਘ, ਸੰਤ ਬਾਬਾ ਸ਼ਾਮ ਸਿੰਘ, ਸੰਤ ਬਾਬਾ ਸਾਧੂ ਸਿੰਘ, ਸੰਤ ਬਾਬਾ ਝੰਡਾ ਸਿੰਘ, ਸੰਤ ਬਾਬਾ ਅਮਰ ਸਿੰਘ, ਸੰਤ ਬਾਬਾ ਅਜੀਤ ਸਿੰਘ ਨੇ ਆਪਣੀ ਸਾਰੀ ਉਮਰ ਗੁਰਦੁਆਰਿਆਂ, ਸਰੋਵਰਾਂ, ਧਾਰਮਿਕ ਅਸਥਾਨਾਂ, ਸੜਕਾਂ, ਪੁਲ ਅਤੇ ਸਕੂਲ ਆਦਿ ਦੀ ਸੇਵਾ ਅਤੇ ਸਿਮਰਨ ਕਰਨ ਵਿਚ ਬਤੀਤ ਕੀਤੀ। ਉਨ੍ਹਾਂ ਸਮੂਹ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਬਾਬਾ ਜੀ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਉੱਚ ਕੋਟੀ ਦੇ ਕਥਾਵਾਚਕ, ਰਾਗੀ, ਢਾਡੀ, ਕਵੀਸ਼ਰੀ ਜਥੇ ਪਹੁੰਚ ਰਹੇ ਹਨ। ਇਸ ਮੌਕੇ ਤੇ ਗਿਆਨੀ ਕੁਲਵੰਤ ਸਿੰਘ ਲੁਧਿਆਣੇ ਵਾਲੇ, ਕਥਾਵਾਚਕ ਗਿਆਨੀ ਕਿਸ਼ਨ ਸਿੰਘ ਅੰਮ੍ਰਿਤਸਰ ਵਾਲੇ, ਭਾਈ ਚਰਨਜੀਤ ਸਿੰਘ ਖਾਲਸਾ ਮਲੋਟ ਵਾਲੇ, ਰਾਗੀ ਗੁਰਸੇਵਕ ਸਿੰਘ ਫਰੀਦਕੋਟ ਵਾਲੇ ਸੰਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਤੇ ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਬਾਬਾ ਜੀ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਮੁਫਤ ਮੈਡੀਕਲ ਕੈਂਪ ਬਰਸੀ ਸਮਾਗਮ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਸਾਰੀਆਂ ਬਿਮਾਰੀਆਂ ਦੇ ਕੈਂਪ ਲਾਏ ਜਾਣਗੇ, ਜਿਸ ਵਿਚ ਅੱਖਾਂ ਦੀ ਬਿਮਾਰੀ ਦਾ ਕੈਂਪ ਅਤੇ ਹੋਮਿਓਪੈਥਿਕ ਕੈਂਪ ਵੀ ਲਗਾਏ ਜਾਣਗੇ। ਬਾਬਾ ਜੀ ਨੇ ਅੱਗੇ ਦੱਸਿਆ ਕਿ 11 ਮਾਰਚ ਦਿਨ ਸੋਮਵਾਰ (28 ਫੱਗਣ) ਸਵੇਰੇ 11 ਵਜੇ ਅੰਮ੍ਰਿਤ ਸੰਚਾਰ ਹੋਵੇਗਾ, ਸੰਗਤਾਂ ਨੂੰ ਬੇਨਤੀ ਹੈ ਕਿ ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚਣ ਅਤੇ ਲੋੜ ਅਨੁਸਾਰ ਕਕਾਰ ਮੁਫਤ ਦਿੱਤੇ ਜਾਣਗੇ।

# ਹਰਪਾਲ ਸਿੰਘ ਭੁੱਲਰ ਨੂੰ ਗਹਿਰਾ ਸਦਮਾ—ਸਾਢੂ ਦਾ ਹੋਇਆ ਦਿਹਾਂਤ

ਫ਼ਿਰੋਜ਼ਪੁਰ, 19 ਫਰਵਰੀ (ਮਨੋਹਰ ਲਾਲ) :— ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੂੰ ਗਹਿਰਾ ਸਦਕਾ ਉਦੋਂ ਲੱਗਾ, ਜਦੋਂ ਉਨ੍ਹਾਂ ਦੇ ਸਾਢੂ ਹਰਚਰਨਜੀਤ ਸਿੰਘ ਸਿੰਧੀ ਪਿੰਡ ਚੰਗਾਲੀ ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਸਬੰਧੀ ਗੱਲਬਾਤ ਕਰਦਿਆਂ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਮ੍ਰਿਤਕ ਦੇਹ ਦੀਆਂ ਅਸਥੀਆਂ ਪਾਉਣ ਲਈ ਪਰਿਵਾਰ ਕੀਰਤਪੁਰ ਸਾਹਿਬ ਲਈ ਰਵਾਨਾ ਹੋ ਗਿਆ ਹੈ ਅਤੇ 22 ਫਰਵਰੀ ਨੂੰ ਪਿੰਡ ਚੰਗਾਲੀ ਵਿਚ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਪਾਠ ਦੇ ਭੋਗ ਪਾਏ ਜਾਣਗੇ। ਇਸ ਮੌਕੇ ਹਰਪਾਲ ਸਿੰਘ ਭੁੱਲਰ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਹਰਚਰਨਜੀਤ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

# ਕੇਂਦਰ ਸਰਕਾਰ ਵੱਲੋਂ ਫਸਲਾਂ 'ਤੇ ਐਮ ਐਸ ਪੀ ਵਾਲੀ ਪੇਸ਼ਕਸ਼ ਦੇ ਅਰਥ

ਕੇਂਦਰ ਸਰਕਾਰ ਦੇ ਮੰਤਰੀਆਂ ਵੱਲੋਂ ਕਿਸਾਨ ਆਗੂਆਂ ਨਾਲ ਰਾਤ ਹੋਈ ਗੱਲਬਾਤ ਨੂੰ ਇਉਂ ਸਮਝਣਾ ਕਿ ਇਹ ਕੇਂਦਰ ਵੱਲੋਂ ਪੰਜ ਫਸਲਾਂ 'ਤੇ ਐਮ ਐਸ ਪੀ ਦੇਣ ਦੀ ਪੇਸ਼ਕਸ਼ ਹੈ, ਸਹੀ ਨਹੀਂ ਹੈ। ਜੇਕਰ ਪੰਜ ਫਸਲਾਂ ਦੀ ਵੀ ਗੱਲ ਕਰਨੀ ਹੋਵੇ ਤਾਂ ਵੀ ਉਹਦੇ 'ਤੇ ਐਮਐਸਪੀ ਦੇਣ ਦਾ ਅਰਥ ਇਹ ਬਣਦਾ ਹੈ ਕਿ ਸਰਕਾਰ ਇਨ੍ਹਾਂ ਫਸਲਾਂ ਦੀ ਐਮਐਸਪੀ ਦੇ ਰੇਟ ਉੱਤੇ ਸਰਕਾਰੀ ਖਰੀਦ ਯਕੀਨੀ ਕਰੇਗੀ ਤੇ ਇਹਦੇ ਲਾਗੂ ਰਹਿਣ ਲਈ ਕਾਨੂੰਨੀ ਇੰਤਜਾਮ ਕਰੇਗੀ। ਪਰ ਸਰਕਾਰ ਦੀ ਪੇਸ਼ਕਸ਼ ਨੇ ਕਿਸਾਨਾਂ ਦੀ ਸਭਨਾਂ ਫਸਲਾਂ ਦੀ ਐਮਐਸਪੀ ਦੇ ਰੇਟ 'ਤੇ ਸਰਕਾਰੀ ਖਰੀਦ ਦੀ ਕਾਨੂੰਨੀ ਗਰੰਟੀ ਕਰਨ ਦੀ ਮੰਗ ਨੂੰ ਸੁੰਗੇੜ ਕੇ ਸਿਰਫ ਪੰਜ ਫਸਲਾਂ ਦੀ ਖਰੀਦ ਦਾ ਕੰਟਰੈਕਟ ਕੇਂਦਰ ਸਰਕਾਰ ਦੀਆਂ ਏਜੰਸੀਆਂ ਨਾਲ ਕਰਨ ਤੱਕ ਲੈ ਆਂਦਾ ਹੈ। 23 ਫਸਲਾਂ ਦੀ ਗੱਲ ਤਾਂ ਵੱਖਰੀ ਹੈ ਇਹ ਤਾਂ ਪੰਜ ਫਸਲਾਂ 'ਤੇ ਵੀ ਖਰੀਦ ਦੀ ਕਾਨੂੰਨੀ ਗਰੰਟੀ ਦੀ ਗੱਲ ਨਹੀਂ ਹੈ। ਉਸ ਤੋਂ ਅਗਲੀ ਗੱਲ ਹੈ ਕਿ ਇਹ ਕੰਟਰੈਕਟ ਕਿਹੋ ਜਿਹਾ ਹੋਵੇਗਾ ਭਾਵ ਇਸ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਕੀ ਹੋਣਗੀਆਂ। ਜਿਹਦੇ ਬਾਰੇ ਸਰਕਾਰ ਦੀ ਲਿਖਤੀ ਪੇਸ਼ਕਸ਼ ਵਿੱਚ ਹੀ ਪੂਰਾ ਪਤਾ ਲੱਗ ਸਕਦਾ ਹੈ। ਪਰ ਇੱਕ ਗੱਲ ਸਾਫ ਹੈ ਕਿ ਸਰਕਾਰ ਦੀ ਫਸਲਾਂ ਖਰੀਦਣ ਦੀ ਨੀਤੀ ਨਹੀਂ ਹੈ। ਇਹ ਨੀਤੀ ਖੇਤੀ ਕਾਨੂੰਨ ਲਿਆਉਣ ਵੇਲੇ ਜ਼ਾਹਰ ਹੋ ਚੁੱਕੀ ਹੈ ਤੇ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਵੀ ਫਸਲਾਂ ਦੇ ਮੰਡੀਕਰਨ ਚੋਂ ਸਰਕਾਰ ਨੂੰ ਬਾਹਰ ਕਰਨ ਦੀ ਦੱਸ ਪਾਉਂਦੀ ਹੈ। ਸਰਕਾਰੀ ਨੀਤੀ ਹੀ ਦੱਸਦੀ ਹੈ ਕਿ ਇਹ ਟਰਮਜ਼ ਐਂਡ ਕੰਡੀਸ਼ਨਜ਼ ਖਰੀਦ ਖਰੀਦ ਦੇ ਅਜਿਹੇ ਨਗੂਣੇ ਇੰਤਜਾਮ ਤੋਂ ਭੱਜਣ ਦਾ ਬਹਾਨਾ ਵੀ ਬਣਾਈਆਂ ਜਾ ਸਕਦੀਆਂ ਹਨ। ਮਾਲਵਾ ਪੱਟੀ ਦੇ ਕਿਸਾਨਾਂ ਦਾ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਨਾਲ ਹੁਣ ਤੱਕ ਦਾ ਤਜਰਬਾ ਦੱਸਦਾ ਹੈ ਕਿ ਉਹ ਜੇ ਕੋਈ ਰਸਮੀ ਕੰਟਰੈਕਟ ਕਰ ਵੀ ਲੈਣ ਤਾਂ ਉਹਦੇ ਕੀ ਅਰਥ ਹੋਣਗੇ। ਮੀਟਿੰਗ ਤੋਂ ਮਗਰੋਂ ਕੇਂਦਰੀ ਮੰਤਰੀਆਂ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੋ ਪੈਂਤੜਾ ਲਿਆ ਗਿਆ ਹੈ, ਉਹ ਦੇਸ਼ ਭਰ ਅੰਦਰ ਐਮਐਸ ਪੀ 'ਤੇ ਸਰਕਾਰੀ ਖਰੀਦ ਦੀ ਕਾਨੂੰਨੀ ਗਰੰਟੀ ਦੇ ਮੂਲ ਨੁਕਤੇ ਨੂੰ ਪਾਸੇ ਰੱਖ ਕੇ ਇਹਨੂੰ ਸਿਰਫ ਪੰਜਾਬ ਅੰਦਰ ਫਸਲੀ ਵਿਭਿੰਨਤਾ ਤੱਕ ਸੁੰਗੇੜ ਦਿੱਤਾ ਗਿਆ ਹੈ। ਪੰਜਾਬ ਅੰਦਰ ਫਸਲੀ ਵਿਭਿੰਨਤਾ ਦੀ ਗੱਲ ਪਿਛਲੇ ਤਿੰਨ ਦਹਾਕਿਆਂ ਤੋਂ ਹੁੰਦੀ ਆ ਰਹੀ ਹੈ ਤੇ ਸਾਰੀਆਂ ਹੀ ਬਦਲ ਬਦਲ ਕੇ ਆਈਆਂ ਸਰਕਾਰਾਂ ਨੇ ਇਹ ਫਸਲੀ ਵਿਭਿੰਨਤਾ ਲਿਆਉਣ ਦੇ ਦਾਅਵੇ ਕੀਤੇ ਹਨ ਜਦਕਿ ਬਦਲ ਕੇ ਆਈਆਂ ਫਸਲਾਂ ਸੜਕਾਂ 'ਤੇ ਰੁਲੀਆਂ ਹਨ। ਫਸਲੀ ਵਿਭਿੰਨਤਾ ਵੀ ਇਸੇ ਕਰਕੇ ਲਾਗੂ ਨਹੀਂ ਹੋ ਸਕੀ ਕਿਉਂਕਿ ਝੋਨੇ ਅਤੇ ਕਣਕ ਤੋਂ ਬਿਨਾਂ ਹੋਰਨਾ ਫਸਲਾਂ ਦੀ ਸਰਕਾਰੀ ਖਰੀਦ ਨਹੀਂ ਕੀਤੀ ਜਾਂਦੀ ਅਤੇ ਕਿਸਾਨਾਂ ਨੂੰ ਵਪਾਰੀਆਂ ਹੱਥੋਂ ਲੁੱਟਣ ਲਈ ਮੰਡੀ ਚ ਸੁੱਟ ਦਿੱਤਾ ਜਾਂਦਾ ਹੈ। ਮੰਤਰੀਆਂ ਨੇ ਗੱਲ ਇਉਂ ਕੀਤੀ ਹੈ ਕਿ ਜਿਵੇਂ ਉਹ ਝੋਨੇ ਤੋਂ ਬਦਲਵੀਂ ਫਸਲ ਬੀਜਣ ਵਾਲੇ ਕਿਸਾਨਾਂ ਦਾ ਕੰਟਰੈਕਟ ਕੇਂਦਰੀ ਏਜੰਸੀਆਂ ਨਾਲ ਕਰਵਾ ਦੇਣਗੇ। ਉਨਾਂ ਦਾ ਇਹ ਕਹਿਣਾ ਹੀ ਦੱਸਦਾ ਹੈ ਕਿ ਸਰਕਾਰ ਕਿਸਾਨਾਂ ਦੀਆਂ ਜਿਣਸਾਂ ਦੇ ਲਈ ਖੁਦ ਸਰਕਾਰੀ ਬਜਟ ਜਟਾਉਣ ਦੀ ਨੀਤੀ 'ਤੇ ਨਹੀਂ ਹੈ। ਨਾ ਹੀ ਮੰਤਰੀਆਂ ਨੇ ਸਵਾਮੀਨਾਥਨ ਕਮਿਸ਼ਨ ਵੱਲੋਂ ਸੁਝਾਏ ਗਏ ✵2+50% ਦੇ ਫਾਰਮੂਲੇ ਦੇ ਅਧਾਰ 'ਤੇ ਰੇਟ ਤੈਅ ਕਰਨ ਦੀ ਕੋਈ ਗੱਲ ਪ੍ਰਵਾਨ ਕੀਤੀ ਹੈ। ਉਹ ਹੁਣ ਵਾਲੇ ਲਾਗੂ ਫਾਰਮੂਲੇ ਵਾਲੇ ਰੇਟ 'ਤੇ ਹੀ ਖੜੇ ਹਨ। ਕੁਲ ਮਿਲਾ ਕੇ ਸਰਕਾਰ ਦੀ ਇਹ ਪੇਸ਼ਕਸ਼ ਇੱਕ ਵਾਰੀ ਬਣੀ ਨਿਬੇੜਨ ਦਾ ਦਾਅਪੇਚ ਹੈ, ਇੱਕ ਵਾਰ ਟਾਲ਼ਾ ਮਾਰਨਾ ਹੈ। ਜਿੰਨੀ ਪੇਸ਼ਕਸ਼ ਕੀਤੀ ਗਈ ਹੈ, ਇਹ ਕਿਸਾਨਾਂ ਦੀ ਮੰਗ ਦੇ ਮੁਕਾਬਲੇ ਬੇਹੱਦ ਨਿਗੂਣੀ ਹੈ । ਜਿੰਨਾ ਕਿਹਾ ਵੀ ਗਿਆ ਹੈ, ਉਹਨੇ ਵੀ ਜਦੋਂ ਠੋਸ ਰੂਪ ਵਿੱਚ ਸਾਹਮਣੇ ਆਉਣਾ ਹੈ ਉਦੋਂ ਉਹਦੇ 'ਚੋਂ ਕਿਸਾਨਾਂ ਦੇ ਹੱਥ ਪੱਲੇ ਕੁਝ ਵੀ ਨਹੀਂ ਪੈਣਾ। ਇਸ ਲਈ ਐਮ ਐਸ ਪੀ 'ਤੇ ਸਰਕਾਰੀ ਖਰੀਦ ਦੀ ਕਾਨੂੰਨੀ ਗਰੰਟੀ ਦਾ ਪੂਰਾ ਅਰਥ ਸਰਕਾਰ ਵੱਲੋਂ ਮੰਡੀਕਰਨ ਦੇ ਖੇਤਰ ਲਈ ਵੱਡੇ ਬਜਟ ਜਟਾਉਣਾ, ਸਰਕਾਰੀ ਮੰਡੀਕਰਨ ਦੇ ਢਾਂਚੇ ਨੂੰ ਮਜਬੂਤ ਕਰਨ, ਸਰਬ ਵਿਆਪਕ ਜਨਤਕ ਵੰਡ ਪ੍ਰਣਾਲੀ ਨੂੰ ਮਜਬੂਤ ਕਰਨਾ , ਵੱਡੇ ਕਾਰਪੋਰੇਟ ਘਰਾਣਿਆਂ ਨੂੰ ਫਸਲਾਂ ਦੀ ਖਰੀਦ ਤੋਂ ਬਾਹਰ ਰੱਖਣਾ ਆਦਿ ਕਦਮਾਂ ਨਾਲ ਜੁੜਦਾ ਹੈ। ਇਹ ਸਾਰੇ ਕਦਮ ਸਾਮਰਾਜੀਆਂ ਦੀ ਸੰਸਥਾ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਨਾਲ ਜਾ ਜੁੜਦੇ ਹਨ। ਇਸੇ ਕਰਕੇ ਕਿਸਾਨਾਂ ਦੀ ਐਮਐਸਪੀ ਦੀ ਕਾਨੂੰਨੀ ਗਰੰਟੀ ਦਾ ਹੱਕ ਇਹਨਾਂ ਨੀਤੀਆਂ ਤੋਂ ਮੋੜਾ ਕੱਟਣ ਨਾਲ ਜੁੜਿਆ ਹੋਇਆ ਹੈ।

**(ਪਵੇਲ ਕੁੱਸਾ ਦੀ ਫੇਸਬੁੱਕ ਤੋਂ)**